ਹਫਤਾਵਾਰੀ

# ਦੇਸ਼ ਦੁਆਬਾ

VOL - 3 ISSUE - 24
February 12, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

ਸ੍ਰੀ ਗੁਰੂ ਰਵਿਦਾਸ ਗੁਰਪੁਰਬ
ਮਨਾਏ ਜਾਣ ਸਬੰਧੀ ਵੇਰਵਾ
ਯੂਬਾ ਸਿਟੀ ਵਿਖੇ 15 ਫਰਵਰੀ, 2015
ਬੇ-ਏਰੀਆ ਵਿਖੇ 22 ਫਰਵਰੀ, 2015
ਫਰਿਜ਼ਨੋ ਵਿਖੇ 1 ਮਾਰਚ, 2015
ਸੈਕਰਾਮੈਂਟੋ ਵਿਖੇ 8 ਮਾਰਚ, 2015
ਸੈਲਮਾ ਵਿਖੇ 15 ਮਾਰਚ, 2015
ਮੁਕੰਮਲ ਜਾਣਕਾਰੀ ਲਈ ਉਪਰੋਕਤ
ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ। -ਸੰਪਾਦਕ



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਯੂਬਾ ਸਿਟੀ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

# ਸ੍ਰੀ ਗੁਰੂ ਰਵਿਦਾਸ ਸਭਾਵਾਂ ਪਿਟਸਬਰਗ ਅਤੇ ਨਿਊਯਾਰਕ ਨੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ



ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਦੇ ਕੌਮ ਦੀ ਰੱਖਿਆ ਲਈ ਬਲੀਦਾਨ ਅਤੇ ਅਥਾਹ ਬਹਾਦਰੀ ਦੀ ਦਾਸਤਾਨ 'ਸਿੱਖ ਇਤਿਹਾਸ ਦੇ 'ਫਖ਼ਰ-ਏ-ਕੌਮ' ਯੋਧੇ' ਲੇਖਕ ਪ੍ਰੋ. **ਐਚ. ਐਲ. ਕਪੂਰ** ਦਾ ਲੇਖ ਪੜ੍ਹੋ ਸਫਾ 17 ਤੇ।



ਗਦਰ ਲਹਿਰ ਦੇ ਮੋਢੀ ਬਾਬਾ ਬਾਬਾ ਸੋਹਣ ਸਿੰਘ ਭਕਨਾ ਦੇ ਜੀਵਨ ਸੰਘਰਸ਼ ਸਬੰਧੀ ਹਾਲ ਹੀ ਵਿਚ ਇਕ ਕਿਤਾਬ ਪ੍ਰਕਾਸ਼ਿਤ ਹੋਈ ਹੈ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। **ਪ੍ਰੋਫੈਸਰ ਮਾਲਵਿੰਦਰ ਜੀਤ ਸਿੰਘ ਵੜੈਚ** ਦੁਆਰਾ ਲਿਖਤ ਕਿਤਾਬ ਅਸੀਂ ਪਿਸ਼ੌਰਾ ਸਿੰਘ ਢਿੱਲੋਂ ਦੇ ਉਦਮਾਂ ਸਦਕਾ ਛਾਪ ਰਹੇ ਹਾਂ। ਜਿਸ ਦੀ ਪਹਿਲੀ ਕੜੀ ਪੜ੍ਹੋ ਸਫਾ 16 ਤੇ ।

## ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਸੰਗਤਾਂ ਨੇ ਰਲ ਮਿਲ ਕੇ ਮਨਾਇਆ 638ਵਾਂ ਪ੍ਰਕਾਸ਼ ਦਿਹਾੜਾ

**ਪਿਟਸਬਰਗ (ਦੇਸ਼ ਦੁਆਬਾ ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਨਾਰਥ ਅਮਰੀਕਾ ਦਾ ਪਹਿਲਾ ਗੁਰੂ ਘਰ ਹੈ, ਇੱਥੇ ਹਰ ਸਾਲ ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ ਕੈਲੇਫੋਰਨੀਆ ਦੇ ਬਾਕੀ ਗੁਰੂ ਘਰਾਂ ਤੋਂ ਪਹਿਲਾਂ ਮਨਾਇਆ ਜਾਂਦਾ ਹੈ। ਇਸ ਸਾਲ ਦਾ ਪ੍ਰਕਾਸ਼ ਦਿਹਾੜਾ 8 ਫਰਵਰੀ ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਪੂਰਵਕ ਭਾਵਨਾ ਨਾਲ



ਮਨਾਇਆ ਗਿਆ। ਲਗਾਤਾਰ ਹੋ ਰਹੀ ਵਰਖਾ ਦੇ ਬਾਵਜੂਦ ਭਾਰੀ ਗਿਣਤੀ ਵਿਚ ਸਥਾਨਕ, ਦੂਰੋਂ-ਨੇੜਿਉਂ ਸੰਗਤਾਂ ਨੇ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਗੁਰਪੁਰਬ ਸਬੰਧਤ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਅਖੰਡ ਪਾਠ ਸਾਹਿਬ 6 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਕੀਤੇ ਗਏ ਅਤੇ 7 ਫਰਵਰੀ ਦਿਨ ਸ਼ਨਿਚਰਵਾਰ 3.30 ਵਜੇ ਸ਼ਾਮ ਨੂੰ ਨਿਸ਼ਾਨ ਸਾਹਿਬ ਜੀ ਦੀ ਸੇਵਾ ਕੀਤੀ ਗਈ। ਦੋਵੇਂ ਦਿਨ ਕੀਰਤਨ ਦਰਬਾਰ ਵੀ ਸਜਾਏ ਗਏ। *(ਬਾਕੀ ਸਫਾ 15 ਤੇ ਦੇਖੋ)*

## ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਨਿਊਯਾਰਕ ਵਿਚ ਅਮਿੱਟ ਛਾਪ ਛੱਡਦਾ ਸੰਪੰਨ

**ਨਿਊਯਾਰਕ (ਦੇਸ਼ ਦੁਆਬਾ ਬਿਊਰੋ)–** ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਜਿਸ ਵਿਚ 11 ਅਖੰਡ ਪਾਠ ਸਾਹਿਬ ਦੀ ਲੜੀ, ਪ੍ਰਭਾਤ ਫੇਰੀਆਂ, ਬੱਚਿਆਂ ਲਈ ਵਿਸ਼ੇਸ਼ ਪ੍ਰੋਗਰਾਮ 13ਵੇਂ



ਵਿਸ਼ੇਸ਼ ਕੀਰਤਨ, ਕਥਾ ਅਤੇ ਢਾਡੀ ਦੀਵਾਨ ਸਜਾਏ ਗਏ। ਪ੍ਰੋਗਰਾਮ 27 ਜਨਵਰੀ ਤੋਂ 8 ਫਰਵਰੀ ਤੱਕ ਚੱਲੇ, ਜਿਸ ਵਿਚ ਹਰ ਰੋਜ਼ ਸ਼ਾਮ ਨੂੰ 6 ਤੋਂ 9 ਵਜੇ ਤੱਕ ਦੀਵਾਨ ਸਜਾਏ ਜਾਂਦੇ ਸਨ। ਇਹਨਾਂ ਦੀਵਾਨਾਂ ਵਿਚ ਵਿਸ਼ੇਸ਼ ਤੌਰ ਤੇ ਪਹੁੰਚੇ ਕੀਰਤਨੀਏ ਭਾਈ ਸਾਹਿਬ ਜਸਵੀਰ ਸਿੰਘ ਸ੍ਰੀ ਅੰਮ੍ਰਿਤਸਰ ਵਾਲੇ, ਭਾਈ ਮੁਖਤਿਆਰ ਸਿੰਘ ਫਿਲਾਡਲਫੀਆ ਵਾਲੇ ਅਤੇ ਭਾਈ ਗੁਲਜਾਰ ਸਿੰਘ ਕਨੇਡਾ ਵਾਲੇ (ਕਥਾਵਾਚਕ) ਜਿਹਨਾਂ ਨੇ ਹਰ ਰੋਜ਼ ਗੁਰਬਾਣੀ ਕੀਰਤਨ ਤੇ ਕਥਾ ਨਾਲ ਸੰਗਤਾਂ ਵਿਚ ਸਾਂਝ ਪਾਈ। *(ਤਸਵੀਰਾਂ ਸਫਾ 10, 11 ਅਤੇ ਬਾਕੀ ਖਬਰਾ ਸਫਾ 15 ਤੇ ਦੇਖੋ)*

## ਕੇਜਰੀਵਾਲ ਨੇ ਕਾਂਗਰਸ ਤੇ ਭਾਜਪਾ ਦੇ ਕਈ ਲੀਡਰਾਂ ਦਾ ਕੀਤਾ ਸਿਆਸੀ ਭਵਿੱਖ ਖਤਮ

**ਨਵੀਂ ਦਿੱਲੀ–** ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿਚ ਕਰਾਰੀ ਹਾਰ ਤੋਂ ਭਾਜਪਾ ਅਤੇ ਕਾਂਗਰਸ 'ਚ ਨਾਰਾਜ਼ਗੀ ਦਾ ਮਾਹੌਲ ਤਾਂ ਹੈ ਹੀ। ਇਸ ਨੇ ਪਾਰਟੀਆਂ ਦੇ ਕਈ ਸੀਨੀਅਰ ਅਤੇ ਦਿੱਗਜ਼ ਨੇਤਾਵਾਂ ਦਾ ਰਾਜਨੀਤਕ ਭਵਿੱਖ ਵੀ ਇਕ ਤਰ੍ਹਾਂ ਨਾਲ ਖਤਮ ਕਰ ਦਿੱਤਾ ਹੈ। ਇਹ ਨੇਤਾ ਉਮਰ ਦੀ ਉਸ ਦਹਲੀਜ਼ 'ਤੇ ਹਨ ਕਿ 5 ਸਾਲ ਬਾਅਦ ਫਿਰ ਤੋਂ ਵਿਧਾਨ ਸਭਾ ਚੋਣਾਂ ਵਿਚ ਸ਼ਾਇਦ ਹੀ ਉਹ ਅਜਿਹੀ ਸਥਿਤੀ ਵਿਚ ਹੋਣ ਕਿ ਉਹ ਚੋਣਾਂ ਲੜ ਸਕਣ। ਇਹ ਨੇਤਾ ਪਿਛਲੇ ਦੋ ਦਹਾਕਿਆਂ ਵਿਚ ਆਪਣੇ-ਆਪਣੇ ਖੇਤਰਾਂ ਵਿਚ ਪਾਰਟੀ ਦੇ ਸਥਾਪਤ ਚਿਹਰੇ ਸਨ ਪਰ ਇਨ੍ਹਾਂ ਦੀ ਵਧਦੀ ਉਮਰ ਨੂੰ ਦੇਖਦੇ ਹੋਏ ਅਗਲੀਆਂ ਚੋਣਾਂ



ਵਿਚ ਇਨ੍ਹਾਂ ਨੂੰ ਸ਼ਾਇਦ ਹੀ ਪਾਰਟੀ ਦਾ ਉਮੀਦਵਾਰ ਬਣਨ ਦਾ ਮੌਕਾ ਨਸੀਬ ਹੋਵੇ। ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਵਿਚ ਕਿਸੇ ਦਾ ਅਨੁਮਾਨ ਕੰਮ ਨਹੀਂ ਆਇਆ। 15 ਸਾਲ ਤਕ ਦਿੱਲੀ ਵਿਚ ਰਾਜ ਕਰਨ ਵਾਲੀ ਕਾਂਗਰਸ ਦੀ ਸਥਿਤੀ ਇਹ ਹੋ ਗਈ ਹੈ ਕਿ ਉਸ ਦਾ ਖਾਤਾ ਵੀ ਨਹੀਂ ਖੁੱਲ ਸਕਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੋਕਪ੍ਰਿਅਤਾ ਦੇ ਸਹਾਰੇ 16 ਸਾਲ ਬਾਅਦ ਦਿੱਲੀ ਫਤਹਿ ਦਾ ਸੁਪਨਾ ਸਾਕਾਰ ਕਰਨ 'ਚ ਲੱਗੀ ਭਾਜਪਾ ਦੀ ਹਾਲਤ ਇਹ ਹੋ ਗਈ ਕਿ ਉਹ 31 ਤੋਂ 3 ਸੀਟਾਂ 'ਤੇ ਅਟਕ ਕੇ ਰਹਿ ਗਈ। ਚੋਣਾਂ ਵਿਚ ਦੋਹਾਂ ਪਾਰਟੀਆਂ ਦੀ ਹਾਰ ਲੋਕਾਂ 'ਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

PRE Prime Real Estate Services

Kulwinder Singh Realtor
Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465 Email: Kelvindjhamat@yahoo.com
679 N. Palora Ave. #C Yuba City, CA 95991


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121


Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ



ਗੁਰੂ ਘਰ ਯੂਬਾ ਸਿਟੀ


ਸ੍ਰੀ ਗੁਰੂ ਰਵਿਦਾਸ ਜੀ

**ਗੁਰੂ ਘਰ ਦਾ ਸਥਾਪਨਾ ਦਿਵਸ 15 ਮਾਰਚ, 2015, ਦਿਨ ਐਤਵਾਰ ਨੂੰ ਮਨਾਇਆ ਜਾਵੇਗਾ। ਇਸ ਸਬੰਧਤ ਅਖੰਡ ਪਾਠ ਸਾਹਿਬ 13 ਮਾਰਚ ਨੂੰ ਸਵੇਰੇ 11 ਵਜੇ ਆਰੰਭ ਕੀਤੇ ਜਾਣਗੇ।**

ਗੁਰਪੁਰਬ ਸ੍ਰੀ ਗੁਰੂ ਰਵਿਦਾਸ ਜੀ 15 ਫਰਵਰੀ 2015 (ਐਤਵਾਰ) ਨੂੰ ਮਨਾਇਆ ਜਾਵੇਗਾ। ਅਖੰਡ ਪਾਠ ਸਾਹਿਬ 13 ਫਰਵਰੀ (ਦਿਨ ਸੁਕਰਵਾਰ) ਨੂੰ ਸਵੇਰੇ 11 ਵਜੇ ਆਰੰਭ ਹੋਣਗੇ। ਨਿਸ਼ਾਨ ਸਾਹਿਬ ਦੀ ਸੇਵਾ 14 ਫਰਵਰੀ ਦਿਨ ਸ਼ਨੀਵਾਰ ਨੂੰ 11 ਵਜੇ। ਭੋਗ ਸ੍ਰੀ ਅਖੰਡ ਪਾਠ ਸਾਹਿਬ 15 ਫਰਵਰੀ, 2015 (ਐਤਵਾਰ) ਨੂੰ ਪਾਏ ਜਾਣਗੇ

**ਪ੍ਰੋਗਰਾਮਾਂ ਸਬੰਧੀ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨਾਲ 530-674-2564 ਸੰਪਰਕ ਕੀਤਾ ਜਾ ਸਕਦਾ ਹੈ**


ਭਾਈ ਪ੍ਰਿਤਪਾਲ ਸਿੰਘ

ਗੁਰੂ ਘਰ ਦੀ ਡਿਵੈਲਪਮੈਂਟ ਲਈ ਜਾਣਕਾਰੀ ਵਾਸਤੇ ਸੰਪਰਕ ਕਰੋ

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823

ਦਿਲਵਿੰਦਰ ਰੱਲ੍ਹ (ਕੈਸ਼ੀਅਰ)
530-933-3938

ਪ੍ਰਸ਼ੋਤਮ ਸੂਦ (ਚੇਅਰਮੈਨ)
530-845-4508

ਰਾਮ ਸੇਵਕ ਭਾਟੀਆ (ਕੈਸ਼ੀਅਰ)
530-701-4370

ਪਾਰਕਿੰਗ ਲਾਟ ਦੇ ਲਈ ਸੰਪਰਕ ਕਰੋ

**ਛੋਲੇ ਭਟੂਰੇ ਅਤੇ ਗੋਲ-ਗੱਪਿਆਂ ਦੀ ਸੇਵਾ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਦਿਲਵਿੰਦਰ ਰੱਲ੍ਹ ਪਰਿਵਾਰਾਂ ਵੱਲੋਂ ਕੀਤੀ ਜਾਵੇਗੀ।**

## SHRI GURU RAVIDASS TEMPLE


## 1480 HAYNE AVENUE, YUBA CITY, CA 95993



# ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸਾਧ ਸੰਗਤ ਨੂੰ ਲੱਖ ਲੱਖ ਵਧਾਈਆਂ

# BOMBAY VIDEO

## WORLDWIDE MONEY TRANSFER





Phone: (530) 673-7150
Fax: (530) 673-5950

* Movies Conversion, Professional Wedding
* Movies and DVD's Rental, Indian & Pakistani Groceries
* Punjabi/ Hindi/ Urdu Audio Cassettes & CD's/ Retail and Wholesale

## Jeetendra & Meenakshi Sharma


1410 Bridge St. Suite D
Yuba City, CA 95993





# ਮਹਾਂਰਿਸ਼ੀ ਵਾਲਮੀਕ ਸਭਾ, ਯੂ.ਐਸ.ਏ, ਯੂਬਾ ਸਿਟੀ, ਕੈਲੀਫੋਰਨੀਆ

ਧੰਨ ਧੰਨ ਮਹਾਂਰਿਸ਼ੀ ਵਾਲਮੀਕ ਜੀ — ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ




## ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਆਗਮਨ ਪੁਰਬ ਦੀਆਂ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਨੂੰ ਦੀਆਂ ਲੱਖ ਲੱਖ ਵਧਾਈਆਂ

ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.ਯੂਬਾ ਸਿਟੀ ਵੱਲੋਂ ਸਾਰੀ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਨਾਏ ਜਾ ਰਹੇ ਪ੍ਰਕਾਸ਼ ਦਿਹਾੜੇ ਮੌਕੇ ਪਹੁੰਚ ਕੇ ਪ੍ਰਕਾਸ ਦਿਹਾੜੇ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸਮੂਹ ਸਾਧ ਸੰਗਤ ਲਈ ਇਹ ਖੁਸ਼ੀ ਵਾਲੀ ਗੱਲ ਹੈ ਕਿ ਅਸੀਂ ਜਲਦੀ ਹੀ ਭਗਵਾਨ ਵਾਲਮੀਕ ਜੀ ਦੇ ਮੰਦਰ ਦੀ ਉਸਾਰੀ ਕਰਨ ਜਾ ਰਹੇ ਹਾਂ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਵੱਧ ਚੜ੍ਹ ਕੇ ਸਹਿਯੋਗ ਦੇਣ ਦੀ ਕਿਰਪਾਲਤਾ ਕਰੋ ਜੀ।

*Managing Committee:* Prem Sondhi President 530-751-3997, Gurpal Singh Chairman 916-873-0311,
Balbir Singh Thaper Vice Chairman 916-607-4650, Santokh Singh Gill Vice President 530-740-3056
Avinash Sondhi, Cashier 530-301-1157, , , Vinod Gill Cashier 530-822-9587, Sohan Lal Sahota Secretary 530-674-9766

## ਸਮੂਹ ਪ੍ਰਬੰਧਕ ਕਮੇਟੀ

## ਮਹਾਂਰਿਸ਼ੀ ਵਾਲਮੀਕ ਸਭਾ, ਯੂ.ਐਸ.ਏ, ਯੂਬਾ ਸਿਟੀ, ਕੈਲੀਫੋਰਨੀਆ

# ਗੁਰਪੁਰਬ ਅਤੇ ਨਗਰ ਕੀਰਤਨ ਸਬੰਧੀ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ



ਸੈਕਰਾਮੈਂਟੋ- ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਗੁਰਪੁਰਬ ਅਤੇ 15ਵੇਂ ਨਗਰ ਕੀਰਤਨ ਦੇ ਸਬੰਧ ਵਿਚ ਬੀਤੀ 6 ਫਰਵਰੀ ਦਿਨ ਸ਼ੁੱਕਰਵਾਰ ਨੂੰ ਰੱਖੇ ਗਏ ਅਖੰਡ ਪਾਠ ਸਾਹਿਬ ਦੇ ਭੋਗ 8 ਫਰਵਰੀ ਦਿਨ ਐਤਵਾਰ ਨੂੰ ਪਾਏ ਗਏ। ਜਿਸ ਦੀ ਸੇਵਾ ਮਨਜੀਤ ਭਾਰਦਵਾਜ ਪਰਿਵਾਰ ਵੱਲੋਂ ਕੀਤੀ ਗਈ। ਮਨਜੀਤ ਭਾਰਦਵਾਜ ਨੂੰ ਗੁਰੂ ਘਰ ਦੀ ਕਮੇਟੀ ਵੱਲੋਂ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ, ਭਾਈ ਦਲਜੀਤ ਸਿੰਘ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਅਰਦਾਸ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਪਿੱਛੋਂ ਗੁਰੂ ਘਰ ਦੀ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿਚ ਆ ਰਹੇ ਨਗਰ ਕੀਰਤਨ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਆਉਣ ਵਾਲੇ ਐਤਵਾਰ ਤਾਰੀਖ 15 ਨਵੰਬਰ ਨੂੰ ਜਨਰਲ ਬਾਡੀ ਦੀ ਵੀ ਮੀਟਿੰਗ ਹੋਵੇਗੀ, ਜਿਸ ਵਿਚ ਨਗਰ ਕੀਰਤਨ ਵਾਸਤੇ ਡਿਊ-ਟੀਆਂ ਦੀ ਸੇਵਾ ਲੈਣ ਲਈ ਸੰਗਤਾਂ ਨੂੰ ਬੇਨਤੀ ਹੈ ਕਿ ਉਸ ਦਿਨ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ। ਹੋਰ ਜਾਣਕਾਰੀ ਲਈ ਜਸਵਿੰਦਰ ਬੰਗਾ ਨਾਲ 916-796-5003 ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਹ ਜਾਣਕਾਰੀ ਜਸਵੰਤ ਜੱਸੀ ਸ਼ੀਮਾਰ (916-293-6030) ਨੇ ਦਿੱਤੀ।

# ਸ਼ਰਧਾ ਨਾਲ ਮਨਾਇਆ ਗੁਰੂ ਰਵਿਦਾਸ ਦਾ ਗੁਰਪੁਰਬ

ਸਿਡਨੀ -ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਗੁਰਪੁਰਬ ਸਿੱਖ ਮਿਸ਼ਨ ਸੈਂਟਰ ਓਸਟਰਲ ਵਿਖੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਇਸ ਤੋਂ ਬਾਅਦ ਸੁਖਵਿੰਦਰ ਸਿੰਘ ਦੇ ਜੱਥੇ ਵਲੋਂ ਗੁਰੂ ਰਵਿਦਾਸ ਜੀ ਦੀ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਗੁਰੂ ਘਰ ਦੇ ਸੈਕਟਰੀ ਬਾਵਾ ਜਗਦੇਵ ਸਿੰਘ ਨੇ ਗੁਰੂ ਰਵਿਦਾਸ ਜੀ ਦੀ ਜੀਵਣੀ ਬਾਰੇ ਦੱਸਿਆ। ਭਾਰਤ ਤੋਂ ਆਏ ਚੌ. ਰਾਮ ਕਿਸ਼ਨ ਤਹਿਸੀਲਦਾਰ (ਰਿਟਾਇਰਡ) ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਦੇਸ਼ਾਂ 'ਚ ਆ ਕੇ ਵੀ ਗੁਰੂ ਸਾਹਿਬਾਨ ਜੀ ਦੀ ਬੇਗਮਪੁਰੇ ਦੀ ਵਿਚਾਰਧਾਰਾ ਨੂੰ ਅੱਗੇ ਲੈ ਕੇ ਜਾਣਾ ਇਕ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਨੇ ਕਿਹਾ ਕਿ ਐਨ. ਆਰ. ਆਈ. ਵੀਰਾਂ ਵਲੋਂ ਪੰਜਾਬ ਦੀ ਖੁਸ਼ਹਾਲੀ ਲਈ ਕੀਤੇ ਕੰਮਾਂ ਨੇ ਪੰਜਾਬ ਨੂੰ ਪੂਰੀ ਦੁਨੀਆ ਦੇ ਨਕਸ਼ੇ ਤੋਂ ਲਿਆਂਦਾ ਹੈ। ਸਮਾਗਮ ਦੀ ਸਮਾਪਤੀ ਸਮੇਂ ਹਰਜੀਤ ਸਿੰਘ ਸੱਲਣ ਨੇ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਮੌਕੇ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਿਡਨੀ ਦੇ ਹੋਰਨਾਂ ਗੁਰ-ਦੁਆਰਿਆਂ ਨੂੰ ਵੀ ਗੁਰੂ ਰਵਿਦਾਸ ਜੀ ਦਾ ਅਵਤਾਰ ਪੁਰਬ ਇਸੇ ਤਰ੍ਹਾਂ ਹੀ ਸ਼ਰਧਾ ਸਾਹਿਤ ਮਨਾਉਣਾ ਚਾਹੀਦਾ ਹੈ ਤਾਂ ਕਿ ਅਸੀਂ ਸਾਡੇ ਸਮਾਜ ਵਿਚ ਫੈਲੇ ਜਾਤਪਾਤ ਦੇ ਕੋਹੜ ਤੋਂ ਨਿਜਾਤ ਪਾ ਸਕੀਏ। ਇਸ ਸਮੇਂ ਤਿੰਨੋਂ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਿਆ।



# ਨਿਊਜ਼ੀਲੈਂਡ ਦੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿੱਲ ਵਿਖੇ ਭਾਰੀ ਰੌਣਕਾਂ-ਤਿੰਨ ਸੰਸਦ ਮੈਂਬਰਾਂ ਨੇ ਦਿੱਤੀਆਂ ਵਧਾਈਆਂ

ਆਕਲੈਂਡ- ਨਿਊਜ਼ੀਲੈਂਡ ਦੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿੱਲ ਵਿਖੇ ਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਪੁਰਬ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਤੇ ਭਾਰੀ ਰੌਣਕ ਵੇਖਣ ਨੂੰ ਮਿਲੀ। ਸੱਤ ਅਖੰਠ ਪਾਠਾਂ ਦੀ ਲੜੀ ਅੱਜ ਸਵੇਰੇ ਸਮਾਪਤ ਹੋਈ ਉਪਰੰਤ ਨਿਸ਼ਾਨ ਸਾਹਿਬ ਦਾ ਚੰਦੋਆ ਬਦਲਿਆ ਗਿਆ। ਸਜੇ ਦੀਵਾਨ ਦੇ ਵਿਚ ਭਾਈ ਪਰਵਿੰਦਰ ਸਿੰਘ, ਭਾਈ ਪਰਮਜੀਤ ਸਿੰਘ ਤੇ ਭਾਈ ਪਰਦੀਪ ਸਿੰਘ ਹੁਸ਼ਿਆਰਪੁਰ ਵਾਲਿਆਂ ਦੇ ਜਥੇ ਨੇ ਅਤੇ ਹੇਸਟਿੰਗ ਗੁਰਦੁਆਰਾ ਸਾਹਿਬ ਤੋਂ ਪਹੁੰਚੇ ਰਾਗੀ ਭਾਈ ਕੁਲਵਿੰਦਰ ਸਿੰਘ ਤੇ ਭਾਈ ਜੋਗਿੰਦਰ ਸਿੰਘ ਦੇ ਜੱਥੇ ਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਖਾਸ ਸਮਾਗਮ ਦੇ ਵਿਚ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਸੰਤ ਜਸਪਾਲ ਸਿੰਘ ਓਡਰਾ ਬੰਗਾਲੀਪੁਰ ਦਸੂਹਾ ਵਾਲੇ ਛੇਵੀਂ ਵਾਰ ਕਥਾ-ਵਿਚਾਰ ਕਰਨ ਪਹੁੰਚੇ। ਉਨ੍ਹਾਂ ਸ਼ਬਦ ਕੀਰਤਨ ਦੇ ਨਾਲ-ਨਾਲ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਪ੍ਰਸੰਗ ਅਤੇ ਸਿਖਿਆਵਾਂ ਨੂੰ ਸੰਗਤਾਂ ਦੇ ਸਨਮੁੱਖ ਰੱਖਿਆ। ਅੱਜ ਦੇ ਇਸ ਸਮਾਗਮ ਦੇ ਵਿਚ ਤਿੰਨ ਸੰਸਦ ਮੈਂਬਰਾਂ ਸ੍ਰੀ ਐਂਡਰਿਊ ਬੈਲੀਅ, ਡਾ. ਪਰਮਜੀਤ ਕੌਰ ਪਰਮਾਰ ਅਤੇ ਸ. ਕੰਵਲਜੀਤ ਸਿੰਘ ਬਖਸ਼ੀ ਨੇ ਹਾਜ਼ਰੀ ਭਰੀ ਅਤੇ ਵਾਰੋ-ਵਾਰੀ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਡਾ. ਪਰਮਜੀਤ ਪਰਮਾਰ ਨੇ ਨੈਸ਼ਨਲ ਸਰਕਾਰ ਦੀਆਂ ਨੀਤੀਆਂ ਅਤੇ ਨਿਊਜ਼ੀਲੈਂਡ ਦੇ ਵਿਚ ਭਾਰਤੀਆਂ ਦੇ ਯੋਗਦਾਨ ਸਬੰਧੀ ਅੰਕੜੇ ਪੇਸ਼ ਕੀਤੇ। ਸਟੇਜ ਸਕੱਤਰ ਮਲਕੀਅਤ ਸਿੰਘ ਸਹੋਤਾ ਨੇ ਆਏ ਬੁਲਾਰਿਆਂ ਨੂੰ ਸੰਗਤਾਂ ਦੇ ਸਨਮੁੱਖ ਕੀਤਾ, ਆਈ ਸਾਰੀ ਸੰਗਤ ਦਾ ਧੰਨਵਾਦ ਕੀਤਾ ਅਤੇ ਅੰਤ ਇਕ ਸ਼ਬਦ ਨਾਲ ਹਾਜ਼ਰੀ ਵੀ ਲਗਵਾਈ। ਕੁਲਵਿੰਦਰ ਸਿੰਘ ਝੱਮਟ ਜੰਡੂ ਸਿੰਘਾਂ ਵਾਲਿਆਂ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ। ਪਰਮਜੀਤ ਮਹਿਮੀ ਹੋਰਾਂ ਗੁਰੂ ਰਵਿਦਾਸ ਜੀ ਦੇ ਜੀਵਨ ਸਬੰਧੀ ਚਾਨਣਾ ਪਾਇਆ ਅਤੇ ਇਕ ਕਵਿਤਾ ਸਰਵਣ ਕਰਵਾਈ। ਇਕ ਹੋਰ ਨੌਜਵਾਨ ਪਲਵਿੰਦਰ ਸਿੰਘ ਨੇ ਧਾਰਮਿਕ ਰਚਨਾ ਪੇਸ਼ ਕੀਤੀ। ਸਮਾਗਮ ਦੇ ਅੰਤ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਪੰਥ ਲਾਲ ਦਰੋਚ ਨੇ ਸਮੁੱਚੀ ਮੈਨੇਜਮੈਂਟ ਵੱਲੋਂ ਤਿੰਨਾਂ ਸੰਸਦ ਮੈਂਬਰਾਂ ਨੂੰ ਸਿਰੋਪਾਓ ਪਾ ਕੇ ਅਤੇ ਪ੍ਰਸੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਅਤੇ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ। ਦੋ ਨੌਜਵਾਨਾਂ ਕਰਨ ਮਾਰਕ ਬੱਧਣ ਅਤੇ ਸਰਬਜੀਤ ਸਿੰਘ ਝੱਮਟ ਨੂੰ ਗੁਰਦੁਆਰਾ ਸਾਹਿਬ ਵੱਲੋਂ ਲਾਈਫ ਮੈਂਬਰਸ਼ਿਪ ਭੇਟ ਕੀਤੀ ਗਈ ਅਤੇ ਸਿਰੋਪਾ ਪਾ ਕੇ ਸਨਮਾਨਿਤ ਕੀਤਾ ਗਿਆ। ਲੰਗਰ ਦੀ ਸੇਵਾ ਸ੍ਰੀ ਸੱਤਪਾਲ ਬੈਂਸ ਪੁੱਕੀਕੁਈ ਦੇ ਪਰਿਵਾਰ ਵੱਲੋਂ ਅਤੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਬੀਬੀ ਸੁਰਿੰਦਰ ਕੌਰ ਭੱਟੀ ਮੈਨੁਕਾਓ ਵੱਲੋਂ ਕਰਵਾਈ ਗਈ।




FREE WiFi

Ram Gopal

Annabelle's Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

Annabelle's
Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM

Varieties of Video Games Available

Variety of Sandwiches are also available






Ram Gopal

Features
All you can eat Italian Buffet

(Our Dough is Freshly Rolled Daily and Made of the Finest Ingredients)

Now Serving Beer &Wine!



FREE WiFi

Ram Gopal (916) 448-6239
200 "J" Street, Sacramento, CA 95814




ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

ਕੈਲੇਫੋਰਨੀਆ ਵਿਚ ਰਹਿੰਦੇ ਕਲਾਕਾਰਾਂ ਲਈ ਖੁਸ਼ਖਬਰੀ

ARMAAN MUSIC PRODUCTION STUDIO

ਹੁਣ ਇੰਡੀਆ ਜਾ ਕੇ ਆਪਣੀ ਸੀ ਡੀ ਦੀ ਰਿਕਾਰਡਿੰਗ ਕਰਵਾਉਣ ਦੀ ਬਜਾਏ AMP, Studio ਵਿਚ ਹੀ ਸਾਰਾ ਕੰਮ ਕਰ ਸਕਦੇ ਹੋ


ਖੁੱਲ੍ਹ ਗਿਆ ਹੈ ਸਟਾਕਟਨ ਵਿਚ

ਸਾਡੇ ਕੋਲ ਪੂਰੇ ਹੈ ਹਾਈਟੈਕ Equipment

ਅਸੀਂ PROTOOL, LOGIC ਤੇ ਰਿਕਾਰਡਿੰਗ ਕਰਦੇ ਹਾਂ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-242-3642

Email:-
NEWZINDGI@GMAIL.COM

# ਓਬਾਮਾ ਨੇ ਪੰਜਾਬੀ ਨੂੰ ਦਿੱਤਾ ਮਾਣ, ਬਿਠਾਇਆ ਅਹਿਮ ਅਹੁਦੇ 'ਤੇ

ਵਾਸ਼ਿੰਗਟਨ— ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤੀ ਮੂਲ ਦੇ ਅਮਰੀਕੀ ਕਾਰਜਕਾਰੀ ਅਜੇ ਬੰਗਾ ਨੂੰ ਮੁੱਖ ਪ੍ਰਸ਼ਾਸਨਿਕ ਅਹੁਦੇ 'ਤੇ ਨਿਯੁਕਤ ਕਰਕੇ ਭਾਰਤੀਆਂ ਦਾ ਮਾਣ ਇਕ ਵਾਰ ਫਿਰ ਵਧਾ ਦਿੱਤਾ ਹੈ। ਅਜੇ ਬੰਗਾ ਅੰਤਰਰਾਸ਼ਟਰੀ ਵਪਾਰ ਮਸਲਿਆਂ 'ਤੇ ਸਲਾਹਕਾਰ ਦੀ ਭੂਮਿਕਾ ਨਿਭਾਉਣਗੇ।

ਅਮਰੀਕੀ ਸਰਕਾਰ ਨੇ ਕਿਹਾ ਹੈ ਕਿ ਬੰਗਾ ਅਮਰੀਕਾ-ਭਾਰਤ ਵਪਾਰ ਪ੍ਰੀਸ਼ਦ ਦੇ ਪ੍ਰਧਾਨ ਹਨ ਅਤੇ ਉਨ੍ਹਾਂ ਨੂੰ ਵਪਾਰ ਨੀਤੀ ਅਤੇ ਗੱਲਬਾਤ ਨਾਲ ਜੁੜੀ ਸਲਾਹਕਾਰ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਵਾਈਟ ਹਾਊਸ ਨੇ ਇਹ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦੇ ਨਾਲ ਹੀ ਕਈ ਹੋਰ ਅਹੁਦਿਆਂ 'ਤੇ ਨਿਯੁਕਤੀਆਂ ਦੀ ਘੋਸ਼ਣਾ ਵੀ ਕੀਤੀ ਗਈ ਹੈ।

ਓਬਾਮਾ ਨੇ ਵੀਰਵਾਰ ਨੂੰ ਕਿਹਾ ਕਿ ਸਾਡੇ ਦੇਸ਼ ਦੀ ਸ਼ਾਨ ਅਤੇ ਪ੍ਰਤਿਭਾ ਲਈ ਜਿਨ੍ਹਾਂ ਲੋਕਾਂ ਨੇ ਕੰਮ ਕੀਤਾ ਹੈ ਅਤੇ ਆਪਣੀਆਂ ਸੇਵਾਵਾਂ ਦੇਸ਼ ਨੂੰ ਦਿੱਤੀਆਂ ਹਨ। ਮੈਂ ਉਨ੍ਹਾਂ ਦੀ ਸੇਵਾ ਲਈ ਤੁਹਾਡਾ ਧੰਨਵਾਦੀ ਹਾਂ। ਉਨ੍ਹਾਂ ਲੋਕਾਂ ਦੇ ਨਾਲ ਕੰਮ ਕਰਨ ਨੂੰ ਤਿਆਰ ਰਹਾਂਗਾ। ਬੰਗਾ ਨੇ ਆਈ. ਆਈ. ਐੱਮ. ਅਹਿਮਦਾਬਦ ਤੋਂ ਐੱਮ. ਬੀ. ਏ. ਦੀ ਪੜ੍ਹਾਈ ਪੂਰੀ ਕੀਤੀ ਸੀ। ਉਨ੍ਹਾਂ ਨੇ ਦਿੱਲੀ ਯੂਨੀਵਰਸਿਟੀ ਦੇ ਸੇਂਟ ਸਟੀਫਨ ਕਾਲਜ ਤੋਂ ਬੀ. ਏ. ਦੀ ਡਿਗਰੀ ਹਾਸਲ ਕੀਤੀ ਹੈ। ਸਾਲ 2009 ਤੋਂ ਉਹ ਮਾਸਟਰ ਕਾਰਡ ਦਾ ਅਹੁਦਾ ਸੰਭਾਲ ਰਹੇ ਹਨ। 2009 ਵਿਚ ਮਾਸਟਰ ਕਾਰਡ ਜੁਆਇਨ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਸਾਲ 1996 ਤੋਂ ਸਿਟੀਗਰੁੱਪ ਦੇ ਏਸ਼ੀਆ ਸੂਬੇ ਦੇ ਮੁੱਖ ਕਾਰਜਕਾਰੀ ਅਧਿਕਾਰੀ ਦੇ ਅਹੁਦੇ 'ਤੇ ਕੰਮ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਆਪਣੇ ਕੈਰੀਅਰ ਦੀ ਸ਼ੁਰੂਆਤ ਨੇਸਲੇ ਇੰਡੀਆ ਤੋਂ ਕੀਤੀ, ਜਿੱਥੇ ਉਨ੍ਹਾਂ ਨੇ 1981-1994 ਤੱਕ ਵਿਕਰੀ ਅਤੇ ਪ੍ਰਬੰਧਨ ਦੇ ਰੂਪ ਵਿਚ ਸੇਵਾ ਕੀਤੀ ਹੈ।

ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਮਾਸਟਰਕਾਰਡ ਅਤੇ ਡਾਉ ਕੈਮੀਕਲ ਕੰਪਨੀ ਦੇ ਡਾਇਰੈਕਟਰ ਮੰਡਲ ਦੇ ਮੈਂਬਰ ਹਨ।

# ਬ੍ਰਿਟੇਨ ਦੇ ਪ੍ਰਧਾਨ ਮੰਤਰੀ ਨੇ ਗੁਰੂ ਘਰ 'ਚ ਪਕਾਈਆਂ ਰੋਟੀਆਂ

ਲੰਡਨ— ਬ੍ਰਿਟੇਨ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਮਈ ਵਿਚ ਹੋਣ ਵਾਲੀ ਚੋਣਾਂ ਤੋਂ ਪਹਿਲਾਂ ਲੈਮਿੰਗਟਨ ਵਿਖੇ ਸਥਿਤ ਗੁਰਦੁਆਰਾ ਸਾਹਿਬ ਵਿਚ ਸੀਸ ਝੁਕਾਉਣ ਲਈ ਪਹੁੰਚ ਗਏ। ਇੱਥੇ ਉਨ੍ਹਾਂ ਨੇ ਸਿੱਖ ਭਾਈਚਾਰੇ ਦੀਆਂ ਸਮੱਸਿਆਵਾਂ ਸੁਣ-ਿਆਂ ਤੇ ਉਨ੍ਹਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ। ਕੈਮਰੂਨ ਨੇ ਇੱਥੇ ਗੁਰਦੁਆਰੇ ਦੇ ਕਮੇਟੀ ਮੈਂਬਰਾਂ ਨਾਲ ਮੁਲਾਕਾਤ ਕੀਤੀ।



ਉਨ੍ਹਾਂ ਦੇ ਨਾਲ ਵਾਰਵਿਕ ਤੇ ਲੈਮਿੰਗਟਨ ਦੇ ਪਾਰਲੀਮੈਂਟ ਮੈਂਬਰ ਵੀ ਮੌਜੂਦ ਸਨ। ਕਮੇਟੀ ਮੈਂਬਰਾਂ ਤੋਂ ਬਾਅਦ ਗੁਰੂਘਰ ਵਿਚ ਅਰਦਾਸ ਕੀਤੀ ਗਈ। ਇੱਥੇ ਉਨ੍ਹਾਂ ਨੇ ਲੰਗਰ ਦੀ ਸੇਵਾ ਵੀ ਕੀਤੀ ਤੇ ਸਿੱਖ ਬੀਬੀਆਂ ਨਾਲ ਰੋਟੀਆਂ ਵੀ ਪਕਾਈਆਂ।

ਜ਼ਿਕਰਯੋਗ ਹੈ ਕਿ ਬਰਤਾਨੀਆ ਵਿਚ ਕੁੱਲ 4.3 ਲੱਖ ਸਿੱਖ ਰਹਿੰਦੇ ਹਨ, ਜਿਨ੍ਹਾਂ ਵਿਚ 4.2 ਇਕੱਲੇ ਇੰਗਲੈਂਡ ਵਿਚ ਵਸੇ ਹੋਏ ਹਨ। ਸੰਸਦ ਦੀਆਂ 650 ਸੀਟਾਂ 'ਚੋਂ 50 ਤੋਂ 100 ਸੀਟਾਂ 'ਤੇ ਸਿੱਖਾਂ ਦਾ ਵੋਟ ਬੈਂਕ ਕਾਫੀ ਸਮੀਕਰਣ ਬਦਲ ਸਕਦਾ ਹੈ। ਬ੍ਰਿਟੇਨ ਦੀਆਂ ਤਕਰੀਬਨ 50 ਸੀਟਾਂ 'ਤੇ ਸਿੱਖਾਂ ਵੱਲੋਂ ਤਿੱਖਾ ਮੁਕਾਬਲਾ ਮੰਨਿਆ ਜਾ ਰਿਹਾ ਹੈ। ਅਜਿਹੇ ਵਿਚ ਸਿੱਖ ਭਾਈਚਾਰੇ ਨੂੰ ਲੁਭਾਉਣ ਦੀਆਂ ਕੋਸ਼ਿਸ਼ਾਂ ਬ੍ਰਿਟੇਨ ਵਿਚ ਤੇਜ਼ੀ ਨਾਲ ਚੱਲ ਰਹੀਆਂ ਹਨ।

# ਪਰਧਾਨ ਮੰਤਰੀ ਮੋਦੀ ਤੁਰੰਤ ਅਸਤੀਫਾ ਦੇਣ-ਸਤਨਾਮ ਸਿੰਘ ਚਾਹਲ

ਮਿਲਪੀਟਸ (ਕੈਲੀਫੋਰਨੀਆ) ਹਾਲ ਹੀ ਵਿਚ ਹੋਈਆਂ ਦਿਲੀ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜਿਆਂ ਵਿਚ ਆਮ ਆਦਮੀ ਪਾਰਟੀ ਨੂੰ ਮਿਲੀ ਸਫਲਤਾ ਤੋਂ ਆਮ ਆਦਮੀ ਪਾਰਟੀ ਨੂੰ ਵਧਾਈ ਦਿੰਦਿਆਂ ਪਰਵਾਸੀ ਭਾਰਤੀਆਂ ਨੇ ਮੰਗ ਕੀਤੀ ਹੈ ਕਿ ਪਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੀ ਹਾਰ ਨੂੰ ਸਵੀਕਾਰ ਕਰਦਿਆਂ ਪਰਧਾਨ ਮੰਤਰੀ ਦੇ ਅਹੁਦੇ ਤੋਂ ਨੈਤਿਕਤਾ ਦੇ ਅਧਾਰ ਤੇ ਤੁਰੰਤ ਅਸਤੀਫਾ ਦੇ ਕੇ ਲੋਕਾਂ ਦੇ ਫੈਸਲੇ ਅਗੇ ਆਪਣਾ ਸਿਰ ਝੁਕਾਉਣਾ ਚਾਹੀਦਾ ਹੈ ਤਾਂ ਕਿ ਲੋਕਤੰਤਰ ਦੀਆਂ ਸ਼ਾਂਨਦਾਰ ਕਦਰਾਂ ਕੀਮਤਾਂ ਨੂੰ ਬਰਕਰਾਰ ਰਖਿਆ ਜਾ ਸਕੇ। ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਕਿਹਾ ਕਿ ਦਿਲੀ ਵਿਧਾਨ ਸਭਾ ਦੀਆਂ ਚੋਣਾਂ ਪਰਧਾਨ ਮੰਤਰੀ ਮੋਦੀ ਦੀ ਸਰਕਾਰ ਵਿਰੁਧ ਇਕ ਰਿਫਰੈਂਡਿਮ ਹਨ ਤੇ ਇਹਨਾਂ ਚੋਣਾਂ ਵਿਚ ਪਰਧਾਨ ਮੰਤਰੀ ਲੋਕਾਂ ਦਾ ਵਿਸ਼ਵਾਸ਼ ਗੁਆ ਚੁਕੇ ਹਨ। ਸ: ਚਾਹਲ ਨੇ ਦਸਿਆ ਕਿ ਦਿਲੀ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜੇ ਦੇਸ਼ ਦੀ ਰਾਜਨੀਤਕ ਸਥਿਤੀ ਤੇ ਜਿਥੇ ਪੂਰਾ ਪੂਰਾ ਪਰਭਾਵ ਪਾਉਣਗੇ ਉਥੇ ਪੰਜਾਬ ਅੰਦਰ 2017 ਨੂੰ ਹੋਣ ਵਾਲੀਆਂ ਵਿਧਾਨ ਸਭਾ



ਦੀਆਂ ਚੋਣਾਂ ਵਿਚ ਵੀ ਇਸਦਾ ਬਹੁਤ ਪਰਭਾਵ ਪਵੇਗਾ। ਸ: ਚਾਹਲ ਨੇ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੂੰ ਵੀ ਚਿਤਾਵਨੀ ਦਿੰਦਿਆਂ ਖਬਰਦਾਰ ਕੀਤਾ ਕਿ ਜੇਕਰ ਉਹਨਾਂ ਨੇ ਇਕਮੁਠ ਰਹਿ ਕੇ ਲੋਕਾਂ ਨਾਲ ਕੀਤੇ ਗਏ ਵਾਇਦਿਆਂ ਨੂੰ ਪੂਰਾ ਨਾ ਕੀਤਾ ਤਾਂ ਉਹਨਾਂ ਦਾ ਹਾਲ ਵੀ ਭਾਜਪਾ ਵਰਗਾ ਹੋ ਸਕਦਾ ਹੈ ਇਸ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲੋਕਾਂ ਨੂੰ ਸ਼ਾਂਨਦਾਰ ਸੇਵਾਂ ਮੁਹੱਈਆਂ ਕਰਵਾਕੇ ਉਹਨਾਂ ਦਾ ਭਰੋਸਾ ਬਹਾਲ ਕਰਕੇ ਰਖਣ ਦੀ ਲੋੜ ਹੈ।

# ਹੁਣ ਕੈਨੇਡਾ ਵਾਸੀਆਂ ਨੂੰ ਮਰਨ ਤੋਂ ਕੋਈ ਨਹੀਂ ਰੋਕ ਸਕਦਾ, ਅਦਾਲਤ ਨੇ ਸੁਣਾਇਆ ਅਹਿਮ

ਓਟਾਵਾ- ਕੈਨੇਡਾ ਦੀ ਸੁਪਰੀਮ ਕੋਰਟ ਨੇ ਮੌਤ ਦੇ ਅਧਿਕਾਰ 'ਤੇ ਲਗਾਈ ਪਾਬੰਦੀ ਨੂੰ ਹਟਾਉਣ ਦਾ ਫੈਸਲਾ ਕਰ ਲਿਆ ਹੈ, ਜਿਸ ਨਾਲ ਹੁਣ ਅਸਹਿਣਯੋਗ ਬੀਮਾਰੀ ਦੀ ਹਾਲਤ 'ਚ ਵਿਅਕਤੀ ਨੂੰ ਡਾਕਟਰਾਂ ਦੀ ਮਦਦ ਨਾਲ ਮਰਨ ਦਾ ਅਧਿਕਾਰ ਹੋਵੇਗਾ। ਸੁਪਰੀਮ ਕੋਰਟ ਨੇ ਕਿਹਾ ਕਿ ਜੋ ਵੀ ਨੌਜਵਾਨ ਸਰੀਰਕ ਜਾਂ ਮਾਨਸਿਕ ਤੌਰ 'ਤੇ ਕਿਸੇ ਤਕਲੀਫਦੇਹ ਬੀਮਾਰੀ ਤੋਂ ਪੀੜਤ ਹੈ, ਜੋ ਲੰਬੇ ਸਮੇਂ ਤੱਕ ਚੱਲਣ ਵਾਲੀ ਹੈ ਅਤੇ ਜਿਸ ਦਾ ਇਲਾਜ ਅਸੰਭਵ ਹੈ ਤਾਂ ਉਸ ਨੂੰ ਡਾਕਟਰਾਂ ਦੀ ਮਦਦ ਨਾਲ ਮਰਨ ਦਾ ਅਧਿਕਾਰ ਹੈ। ਇਹ ਫੈਸਲਾ ਇਕ ਸਾਲ ਦੇ ਅੰਦਰ ਲਾਗੂ ਹੋਵੇਗਾ। ਅਦਾਲਤ ਨੇ ਸ਼ੁੱਕਰਵਾਰ ਨੂੰ ਫੈਸਲੇ 'ਚ ਕਿਹਾ, ''ਅਸੀਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਕਿ ਜਿਊਣ ਦੇ ਮੌਜੂਦਾ ਅਧਿਕਾਰ ਲਈ ਮੌਤ ਦੇ ਅਧਿਕਾਰ 'ਤੇ ਰੋਕ ਲਗਾਉਣ ਦੀ ਲੋੜ ਹੈ।

ਅਦਾਲਤ ਨੇ 1993 'ਚ ਡਾਕਟਰਾਂ ਦੀ ਮਦਦ ਨਾਲ ਮਰਨ ਦੇ ਅਧਿਕਾਰ 'ਤੇ ਪਾਬੰਦੀ ਲਗਾਈ ਸੀ। ਅਦਾਲਤ ਨੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਸਰਕਾਰ ਦੀ ਉਸ ਦਲੀਲ ਨੂੰ ਰੱਦ ਕਰ ਦਿੱਤਾ ਸੀ ਕਿ ਇਹ ਪਾਬੰਦੀ ਪੂਰੀ ਤਰ੍ਹਾਂ ਲਾਗੂ ਹੋਣੀ ਚਾਹੀਦੀ ਹੈ। ਨਿਊਰੋ ਡਿਜੈਨਰੇਟਿਵ ਬੀਮਾਰੀ ਤੋਂ ਪੀੜਤ ਗਲੋਰੀਆ ਟੇਲਰ ਦੀ ਮੌਤ ਦੇ ਅਧਿਕਾਰ ਨੂੰ ਲੈ ਕੇ 2011 'ਚ ਇਹ ਮੁੱਦਾ ਉੱਠਿਆ ਸੀ, ਜਿਸ ਦੀ ਕਿ 2012 'ਚ ਇਸ ਬੀਮਾਰੀ ਨਾਲ ਮੌਤ ਹੋ ਗਈ। ਇਕ ਹੋਰ ਔਰਤ, ਜੋ ਆਪਣੀ ਜ਼ਿੰਦਗੀ ਨੂੰ ਖਤਮ ਕਰਨ ਲਈ ਸਵਿਟਜ਼ਰਲੈਂਡ ਗਈ ਸੀ। ਉਸ ਔਰਤ ਦਾ ਪਰਿਵਾਰ ਵੀ ਇਸ ਮਾਮਲੇ 'ਚ ਪੀੜਤ ਸੀ। ਜ਼ਿਕਰਯੋਗ ਹੈ ਕਿ ਸਵਿਟਜ਼ਰਲੈਂਡ, ਬੈਲਜੀਅਮ, ਲਗਜ਼ਮਬਰਗ ਅਤੇ ਨੀਦਰਲੈਂਡ 'ਚ ਡਾਕਟਰਾਂ ਦੀ ਮਦਦ ਨਾਲ ਮਰਨ ਦਾ ਕਾਨੂੰਨੀ ਅਧਿਕਾਰ ਹੈ।

# ਸਜਾ ਭੁਗਤ ਚੁਕੇ ਨੂੰ ਕੈਦੀਆਂ ਨੂੰ ਤੁਰੰਤ ਰਿਹਾ ਕੀਤਾ ਜਾਵੇ-ਸਤਨਾਮ ਸਿੰਘ ਚਾਹਲ

ਮਿਲਪੀਟਸ (ਕੈਲੀਫੋਰਨੀਆ) ਦੇਸ਼ ਭਰ ਦੀਆਂ ਜੇਲਾਂ ਵਿਚ ਆਪਣੀ ਸਜਾ ਭੁਗਤ ਚੁਕੇ ਵਖ ਵਖ ਧਰਮਾਂ ਨਾਲ ਸਬੰਧ ਰਖਣ ਵਾਲੇ ਕੈਦੀਆਂ ਤੂੰ ਤੁਰੰਤ ਰਿਹਾ ਕਰਕੇ ਮਨੁਖੀ ਅਧਿਕਾਰਾਂ ਦਾ ਘਾਣ ਹੋਣ ਤੋਂ ਰੋਕਣ ਲਈ ਭਾਰਤ ਸਰਕਾਰ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਤਾਂ ਕਿ ਦੇਸ਼ ਦੀ ਸਰਕਾਰ ਤੇ ਨਿਆਂਇਕ ਸਿਸਟਮ ਉਪਰ ਦੇਸ਼ ਦੇ ਲੋਕਾਂ ਦਾ ਵਿਸ਼ਵਾਸ਼ ਬਣਿਆ ਰਹਿ ਸਕੇ।ਇਹ ਗਲ ਅਜ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਕਹੀ।ਇਸ ਮਿਸ਼ਨ ਦੀ ਪਰਾਪਤੀ ਲਈ ਲੁਧਿਆਣਾ ਵਿਚ ਮਰਨ ਵਰਤ ਤੇ ਬੈਠੇ ਬਾਪੂ ਸੂਰਤ ਸਿੰਘ ਖਾਲਸਾ ਦੇ ਸਮੱਰਥਨ ਕਰਦਿਆਂ ਸ: ਚਾਹਲ ਨੇ ਦਸਿਆ ਕਿ ਦੇਸ਼ ਭਰ ਦੀਆਂ ਜੇਲਾਂ ਵਿਚ ਅਜਿਹੇ ਕੈਦੀਆਂ ਦੀ ਤੁਰੰਤ ਪਹਿਚਾਣ ਕਰਕੇ ਉਹਨਾਂ ਨੂੰ ਰਿਹਾ ਕਰਨਾ ਚਾਹੀਦਾ ਹੈ।ਉਹਨਾਂ ਨੇ ਕਿਹਾ ਕਿ ਉਹ ਕਿਸੇ ਇਕ ਖਾਸ ਧਰਮ ਦੇ ਕੈਦੀਆਂ ਦੀ ਰਿਹਾਈ ਦੀ ਮੰਗ ਹੀ ਨਹੀਂ ਕਰ ਰਹੇ ਸਗੋਂ ਉਹਨਾਂ ਸਾਰੇ ਹੀ ਧਰਮਾਂ ਨਾਲ ਸਬੰਧ ਰਖਣ ਵਾਲੇ ਕੈਦੀਆਂ ਨੂੰ ਰਿਹਾ ਕਰਨ ਲਈ ਮੰਗ ਕਰ ਰਹੇ ਹਨ ਜਿਹਨਾਂ ਨੇ ਆਪਣੀ ਸਜਾ ਪੂਰੀ ਕਰ ਲਈ ਹੈ।ਸ: ਚਾਹਲ ਨੇ ਇਸ ਗਲ ਤੇ ਦੁਖ ਪਰਗਟ ਕੀਤਾ ਕਿ 1997 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਸ: ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿਚ ਤਿਆਰ ਕੀਤੇ ਗਏ ਚੋਣ ਮਨੋਰਥ ਪੱਤਰ ਵਿਚ ਪੰਜਾਬ ਦੇ ਲੋਕਾਂ ਨਾਲ ਇਸ ਗਲ ਦਾ ਵਾਇਦਾ ਕੀਤਾ ਸੀ ਕਿ ਅਗਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਜਿਤ ਪਰਾਪਤ ਕਰਕੇ ਪੰਜਾਬ ਅੰਦਰ ਅਕਾਲੀ ਦਲ ਦੀ ਸਰਕਾਰ ਬਣੇਗੀ ਤਾਂ ਸਰਕਾਰ ਸਭ ਤੋਂ ਪਹਿਲਾਂ ਜੇਲਾਂ ਵਿਚ ਨਜਰਬੰਦ ਬੇਕਸੂਰ ਕੈਦੀਆਂ ਨੂੰ ਰਿਹਾ ਕਰੇਗੀ ਪਰ ਪੰਜਾਬ ਸਰਕਾਰ ਨੇ ਅਜੇ ਤਕ ਲੋਕਾਂ ਨਾਲ ਕੀਤਾ ਗਿਆ ਆਪਣਾ ਵਾਇਦਾ ਪੂਰਾ ਨਹੀਂ ਕੀਤਾ।ਉਨਾਂ ਕਿਹਾ ਕਿ ਸਿੱਖ ਕੌਮ ਨਾਲ ਸਮੇਂ ਦੀਆਂ ਸਰਕਾਰਾਂ ਨੇ ਸਦਾ ਹੀ ਧੱਕੇਸ਼ਾਹੀ ਕੀਤੀ ਹੈ ਅਤੇ ਅੱਜ ਵੀ ਸੈਂਕੜੇ ਨੌਜਵਾਨ ਜੇਲਾਂ ਵਿੱਚ ਕਈ ਸਾਲਾ ਤੋਂ ਬੰਦ ਹਨ ਅਤੇ ਰਿਹਾਈ ਦਾ ਇਤਜ਼ਾਰ ਕਰ ਰਹੇ ਹਨ ਪਰ ਸਿੱਖ ਮੁੱਦੇ ਤੇ ਰਾਜਨੀਤੀ ਕਰਨ ਵਾਲਿਆ ਨੇ ਅੱਜ ਤੱਕ ਬੰਦੀ ਸਿੰਘਾਂ ਦੀ ਰਿਹਾਈ ਲਈ ਕੋਈ ਯਤਨ ਨਹੀ ਕੀਤਾ।ਉਹਨਾਂ ਪੰਜਾਬ ਤੇ ਭਾਰਤ ਸਰਕਾਰ ਸਰਕਾਰ ਨੂੰ ਸਾਵਧਾਨ ਕਰਦਿਆਂ ਕਿਹਾ ਕਿ ਇਹਨਾਂ ਕੈਦੀਆਂ ਦੀ ਰਿਹਾਈ ਲਈ ਮਰਨ ਵਰਤ ਤੇ ਬੈਠੇ ਬਾਪੂ ਸੂਰਤ ਸਿੰਘ ਖਾਲਸਾ ਦੀ ਜਿਸ ਤਰਾਂ ਦਿਨੋ ਦਿਨ ਖਰਾਬ ਹੋ ਰਹੀ ਹੈ ਉਸ ਨਾਲ ਪੰਜਾਬ ਅੰਦਰ ਅਮਨ ਚੈਨ ਦੀ ਸਮੱਸਿਆ ਵੀ ਪੈਦਾ ਹੋ ਸਕਦੀ ਹੈ ਤੇ ਅਮਰ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਵਲੋਂ ਰਖੇ ਗਏ ਮਰਨ ਵਰਤ ਤੋਂ ਬਾਅਦ ਸ਼ਹੀਦੀ ਪਰਾਪਤ ਕਰਨ ਦੇ ਸਮੇਂ ਵਰਗੇ ਹਲਾਤ ਵੀ ਪੈਦਾ ਹੋ ਸਕਦੇ ਹਨ।

# ਅੰਮ੍ਰਿਤਸਰ ਤੋਂ ਅੰਤਰ- ਰਾਸ਼ਟਰੀ ਹਵਾਈ ਉਡਾਣਾਂ ਜਾਰੀ ਰੱਖਣ ਦਾ ਸੁਆਗਤ

ਅੰਮ੍ਰਿਤਸਰ- ਅੰਮ੍ਰਿਤਸਰ ਵਿਕਾਸ ਮੰਚ ਨੇ ਗੁਰੂ ਰਾਮਦਾਸ ਅੰਤਰ-ਰਾਸ਼ਟਰੀ ਹਵਾਈ ਅੱਡੇ ਦੇ ਡਾਇਰੈਕਟਰ ਸ੍ਰੀ ਗਗਨ ਮਲਿਕ ਵਲੋਂ ਦਿਤੇ ਉਸ ਬਿਆਨ ਦਾ ਸੁਆਗਤ ਕੀਤਾ ਹੈ, ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਅੰਮ੍ਰਿਤਸਰ ਤੋਂ ਅੰਤਰ- ਰਾਸ਼ਟਰੀ ਹਵਾਈ ਉਡਾਣਾਂ ਚੰਡੀਗੜ ਤਬਦੀਲ ਕਰਨ ਦੀ ਕੋਈ ਯੋਜਨਾ ਨਹੀਂ ਹੈ ਤੇ ਇਹ ਇਸੇ ਤਰ੍ਹਾਂ ਅੰਮ੍ਰਿਤਸਰ ਤੋਂ ਹੀ ਜਾਰੀ ਰਹਿਣਗੀਆਂ। ਪ੍ਰੈਸ ਨੂੰ ਜਾਰੀ ਇਕ ਸਾਂਝੇ ਬਿਆਨ ਵਿਚ ਮੰਚ ਦੇ ਸਰਪ੍ਰਸਤ ਡਾ.ਚਰਨਜੀਤ ਸਿੰਘ ਗੁਮਟਾਲਾ ਅਤੇ ਯੂ ਐਸ ਏ ਸਰਪ੍ਰਸਤ ਹਰਜਾਪ ਸਿੰਘ ਔਜਲਾ ਨੇ ਵਿਸ਼ਵ ਭਰ ਦੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਉਹ ਦਿੱਲੀ ਦੀ ਥਾਂ 'ਤੇ ਅੰਮ੍ਰਿਤਸਰ ਹਵਾਈ ਅੱਡੇ ਦੀਆਂ ਉਡਾਣਾਂ ਲੈਣ ਤਾਂ ਜੋ ਇਸ ਦੀ ਹੋਰ ਤਰਕੀ ਹੋ ਸਕੇ। ਉਨ੍ਹਾਂ ਇਹ ਵੀ ਅਪੀਲ ਕੀਤੀ ਹੈ ਕਿ ਆਪੋ ਆਪਣੇ ਦੇਸ਼ ਤੋਂ ਚਲਦੀਆਂ ਹਵਾਈ ਕੰਪਨੀਆਂ ਨੂੰ ਪਤਰ ਲਿਖਣ ਕਿ ਉਹ ਅੰਮ੍ਰਿਤਸਰ ਤੋਂ ਆਪਣੀਆਂ ਉਡਾਣਾਂ ਸ਼ੁਰੂ ਕਰਨ।ਉਹ ਪ੍ਰਧਾਨ ਮੰਤਰੀ ਨੂੰ ਵੀ ਪੱਤਰ ਰਾਹੀਂ ਜਾਂ ਈ ਮੇਲ ਰਾਹੀਂ ਅਪੀਲ ਕਰਨ ਕਿ ਕੋਈ ਵੀ ਉਡਾਣ ਬੰਦ ਨਾ ਕੀਤੀ ਜਾਵੇ ਅਤੇ ਅੰਮ੍ਰਿਤਸਰ ਨੂੰ ਹੱਬ ਬਣਾ ਕੇ ਇੱਥੋਂ ਏਅਰ ਇੰਡੀਆ ਦੀਆਂ ਵੈਨਕੂਅਰ, ਟੋਰਾਂਟੋ, ਲੰਡਨ, ਬਰਮਿੰਘਮ, ਫ਼ਰੈਂਕਫਰਟ, ਸਾਂਨਫਰਾਂਸਿਸਕੋ ਤੇ ਹੋਰ ਸ਼ਹਿਰਾਂ ਲਈ ਸਿੱਧੀਆਂ ਉਡਾਣਾਂ ਸ਼ੁਰੂ ਕੀਤੀਆਂ ਜਾਣ ।ਦਿੱਲੀ ਹਵਾਈ ਅੱਡੇ ਆਉਣ ਜਾਣ ਵਾਲਿਆਂ ਵਿਚ 40% ਪੰਜਾਬੀ ਹੁੰਦੇ ਹਨ ਪਰ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਇਸ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਤੇ ਉਨ੍ਹਾਂ ਦਾ ਮਕਸਦ ਦਿੱਲੀ ਅਤੇ ਚੰਡੀਗੜ ਹਵਾਈ ਅਡਿਆਂ ਦੀ ਤਰੱਕੀ ਵਲ ਧਿਆਨ ਦੇਣਾ ਹੈ। ਇਸ ਹਵਾਈ ਅਡੇ ਨੂੰ ਈ- ਵੀਜਾ ਤੋਂ ਵਾਂਝਿਆ ਰਖਿਆ ਗਿਆ ਹੈ ਤੇ ਪੰਜਾਬ ਦੇ ਸ਼ਹਿਰਾਂ ਦੇ ਏਅਰ ਇੰਡੀਆ ਦੇ ਸਾਰੇ ਦਫ਼ਓਮਪ;ਤਰ ਬੰਦ ਕਰਕੇ ਹਵਾਈ ਅਡੇ ਦਫ਼ਓਮਪ;ਤਰ ਬਣਾ ਦਿਤਾ ਗਿਆ ਹੈ, ਜਿਥੇ ਆਸਾਨੀ ਨਾਲ ਜਾਇਆ ਨਹੀਂ ਜਾ ਸਕਦਾ। ਇਸੇ ਤਰ੍ਹਾਂ ਜੈਟ ਏਅਰਵੇਜ਼ ਨੇ 2013 ਵਿਚ ਕਿਹਾ ਸੀ ਕਿ ਉਹ 2014 ਵਿਚ ਅੰਮ੍ਰਿਤਸਰ ਤੋਂ ਸਿੱਧੀ ਆਬੂ ਦਾਬੀ ਉਡਾਣ ਸ਼ੁਰੂ ਕਰੇਗੀ ਪਰ ਮੀਡੀਆ ਤੋਂ ਜਾਣਕਾਰੀ ਮਿਲੀ ਹੈ ਕਿ ਹੁਣ ਉਨ੍ਹਾਂ ਦੀ ਚੰਡੀਗੜ ਤੋਂ ਸਿੱਧੀ ਆਬੂ ਦਾਬੀ ਉਡਾਣ ਸ਼ੁਰੂ ਕਰਨ ਦੀ ਯੋਜਨਾ ਹੈ।

ਇਹ ਹਵਾਈ ਅਡਾ ਇਸ ਸਮੇ 50 ਕ੍ਰੋੜ ਰੁਪਏ ਘਾਟੇ ਵਿਚ ਚਲ ਰਿਹਾ ਹੈ।ਜੇ ਇਹ ਸਿਧੀਆਂ ਉਡਾਣਾਂ ਸ਼ੁਰੂ ਹੋ ਜਾਣ ਤਾਂ ਜਿੱਥੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਂਦੇ ਸ਼ਰਧਾਲੂਆਂ ਨੂੰ ਸੌਖ ਹੋ ਸਕਦੀ ਹੈ, ਉੱਥੇ ਇਹ ਭਾਰਤ ਸਰਕਾਰ ਲਈ ਇਕ ਕਮਾਈ ਕਰਨ ਵਾਲਾ ਹਵਾਈ ਅਡਾ ਬਣ ਸਕਦਾ ਹੈ।

ਆਈ ਫਲਾਈ ਡਾਟ ਕਾਮ ਅਮਰੀਕਾ ਦੀ ਇਕ ਮੰਨੀ ਪ੍ਰਮੰਨੀ ਵੈਬ ਸਾਇਟ ਹੈ,ਜਿਸ ਉਪਰ 700 ਦੇ ਕਰੀਬ ਵਿਸ਼ਵ ਭਰ ਦੇ ਹਵਾਈ ਅਡਿਆਂ ਦੀ ਮਹਤਵਪੂਰਨ ਜਾਣਕਾਰੀ ਉਪਲਬਧ ਹੈ। ਮੰਚ ਵਲੋਂ ਵੈਬ ਸਾਇਟ ਦੇ ਮਾਲਕ ਨੂੰ ਇਹ ਪੁਛਿਆ ਗਿਆ ਹੈ ਕਿ ਉਸ ਨੂੰ ਇਹ ਨੁਕਸਾਨਦੇਹ (ਡੈਮੇਜਿੰਗ) ਜਾਣਕਾਰੀ ਕਿਸ ਨੇ ਦਿੱਤੀ ਹੈ? ਉਸ ਦੇ ਉਤਰ ਦੀ ਉਡੀਕ ਕੀਤੀ ਜਾ ਰਹੀ ਹੈ।

# ਬੇਲਨ ਬ੍ਰਿਗੇਡ ਦੀ ਸ਼ਰਾਬ ਦੇ ਖਿਲਾਫ ਦਸਤਖਤ ਮੁਹਿੰਮ ਸ਼ੁਰੂ

ਲੁਧਿਆਣਾ- ਬੇਲਨ ਬ੍ਰਿਗੇਡ ਨੇ ਅਜ ਨਸ਼ੇ ਦੇ ਖਿਲਾਫ ਇੱਕ ਦਸਤਖਤ ਮੁਹਿੰਮ ਸ਼ੁਰੂ ਕੀਤੀ ਜਿਸ ਵਿਚ ਜੈਨ ਸਮਾਜ ਦੇ ਪ੍ਰਮੁਖ ਸਮਾਜਸੇਵੀ ਸ੍ਰੀ ਹੀਰਾ ਲਾਲ ਜੈਨ ਨੇ ਸ਼ਰਾਬ ਅਤੇ ਨਸ਼ੇ ਦੇ ਖਿਲਾਫ ਦਸਤਖ ਮੁਹਿੰਮ ਵਿਚ ਅਪਣਾ ਅਤੇ ਪੂਰੇ ਜੈਨ ਸਮਾਜ ਦਾ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਪੰਜਾਬ ਸਰਕਾਰ ਦੀ ਸ਼ਰਾਬ ਨੀਤਿ ਵਿਰੁੱਧ ਬੇਲਨ ਬ੍ਰਿ-ਗੇਡ ਦੀ ਕੋਮੀ ਪ੍ਰਧਾਨ ਆਰਕੀਟੈਕਟ ਅਨੀਤਾ ਸ਼ਰਮਾ ਨੇ ਸਰਕਾਰ ਤੋ ਮੰਗ ਕੀਤੀ ਹੈ ਕਿ ਹਰ ਸਾਲ ਸਰਕਾਰ 20 ਫੀਸਦੀ ਸ਼ਰਾਬ ਦੇ ਠੇਕੇ ਘਟ ਕਰੇ ਅਤੇ ਕਿਸੇ ਮੋਹਲੇ ਜਾ ਪਿੰਡ ਵਿਚ ਸ਼ਰਾਬ ਦਾ ਠੇਕਾ ਖੋਲਣ ਤੋ ਪਹਿਲਾਂ ਉਥੇ ਦੇ 60 ਫ਼ੀਸਦੀ ਲੋਕਾ ਦੀ ਸਹਮਤਿ ਲਈ ਜਾਵੇ।



ਇਸ ਮੌਕੇ ਤੇ ਬੇਲਨ ਬ੍ਰਿਗੇਡ ਦੀ ਸਲਾਹਕਾਰ ਸੋਭਾ ਦੀਦੀ ਨੇ ਦਸਿਯਾ ਕਿ 31 ਮਾਰਚ ਤਕ ਦਸਤਖਤ ਮੁਹਿੰਮ ਨੂੰ ਪੰਜਾਬ ਵਿਚ ਪੂਰਾ ਕਰ ਲਿਆ ਜਾਵੇਗਾ।
- ਅਨੀਤਾ ਸ਼ਰਮਾ (9417423238)

MAHEY
ARCHITECT DESIGNER
Bhupinder Kumar
Architect
98151-19953
Contact Us:
Khambra Gate, Nakodar Road Jalandhar
Email : Maheyarch.designer@gmail.com





Satvender Madara

ਸਾਹਿਬ ਸ੍ਰੀ ਕਾਂਸ਼ੀ ਰਾਮ ਬਾਰੇ ਕਿਸੇ ਪਾਸ ਉਹਨਾਂ ਦੇ ਨਾਲ ਜਾਂ ਉਹਨਾਂ ਦੀ ਕਿਸੇ ਸਮਾਗਮ ਦੀ ਤਸਵੀਰ ਜਾ ਆਡੀਓ-ਵੀਡੀਓ ਹੋਵੇ ਤਾਂ ਕਿਰਪਾ ਕਰਕੇ ਹੇਠਲ ਲਿਖੇ ਈ-ਮੇਲ ਤੇ ਭੇਜਣ। ਜੇਕਰ ਉਹਨਾਂ ਨੂੰ ਚਾਹੀਦੀ ਹੈ ਤਾਂ ਵੀ ਸਾਡੇ ਨਾਲ ਸੰਪਰਕ ਕੀਤਾ ਜਾਵੇ ਜੀ।
kumar22_1@hotmail.com
780-224-4550

Mikasa
HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014
Cell: (916) 698-3808
Fax: (916) 725-5812
Rakesh Chander
Realtor
Mikasa Homes & Funding
DRE Lic.: 01866732
Email: mchander@comcast.net, Web: www.mikasafunding.com



ਦੇਸ਼ ਦੁਆਬਾ

# ਹਿੰਦੂਤਵੀ ਰਾਜਨੀਤੀ ਨੂੰ ਆਮ ਆਦਮੀ ਦੀ ਚੁਣੌਤੀ

ਹਾਲਾਂਕਿ ਭਾਜਪਾ ਨੇ ਇਹ ਚੋਣਾਂ ਹਿੰਦੂਵਾਦ ਦੇ ਭਰੋਸੇ ਨਹੀਂ ਲੜੀਆਂ ਸਨ ਪਰ ਨਰਿੰਦਰ ਮੋਦੀ ਦੀ ਜਿੱਤ ਨੂੰ ਆਰ ਐਸ ਐਸ ਅਤੇ ਉਸ ਨਾਲ ਜੁੜੇ ਵਿਅਕਤੀਆਂ ਅਤੇ ਸੰਗਠਨਾਂ ਨੇ ਹਿੰਦੂਵਾਦ ਦੇ ਏਜੰਡੇ ਦੇ ਖੁੱਲ੍ਹੇ ਪ੍ਰਚਾਰ ਦਾ ਲਾਇਸੈਂਸ ਮੰਨ ਲਿਆ ਸੀ।

ਪਿਛਲੇ ਛੇ ਮਹੀਨਿਆਂ ਵਿਚ 'ਘਰ ਵਾਪਸੀ', 'ਲਵ ਜੇਹਾਦ', 'ਰਾਮਜ਼ਾਦੇ', 'ਦੇਸ਼ ਪ੍ਰੇਮੀ ਗੋਡਸੇ' ਵਰਗੇ ਕਈ ਅਖਾਣ ਸੁਰਖੀਆਂ ਵਿਚ ਲਿਆਂਦੇ ਗਏ ਅਤੇ ਸੰਘ ਪਰਿਵਾਰ ਨੇ ਇਹ ਮੰਨ ਲਿਆ ਸੀ ਕਿ ਹਿੰਦੂਵਾਦ ਦੇ ਅਜਿੱਤ ਘੋੜੇ ਦੀ ਲਗਾਮ ਪਕੜਨ ਦੀ ਤਾਕਤ ਹੁਣ ਕਿਸੇ ਵਿਚ ਨਹੀਂ ਹੈ।

ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸਰ ਸੰਘ ਸੰਚਾਲਕ ਮੋਹਨ ਭਾਗਵਤ ਨੇ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਕਰ ਹੀ ਦਿੱਤਾ, ਭਾਜਪਾ ਦੇ ਸਾਂਸਦ ਸਾਕਸ਼ੀ ਮਹਾਰਾਜ ਨੇ ਮਹਾਤਮਾ ਗਾਂਧੀ ਦੇ ਹੱਤਿਆਰੇ ਨੂੰ ਦੇਸ਼ ਪ੍ਰੇਮੀ ਕਿਹਾ, ਪਰ ਇਹਨਾਂ ਮੁੱਦਿਆਂ ਤੇ ਸੰਸਦ ਵਿਚ ਹੋਏ ਹੰਗਾਮੇ ਦੇ ਬਾਵਜੂਦ ਪ੍ਰਧਾਨ ਮੰਤਰੀ ਮੋਦੀ ਲਗਾਤਾਰ ਚੁੱਪ ਰਹੇ।

ਇਹੀ ਨਹੀਂ, ਗਣਤੰਤਰ ਦਿਵਸ ਨੂੰ ਜਾਰੀ ਕੀਤੇ ਗਏ ਸਰਕਾਰੀ ਦਸਤਾਵੇਜ਼ ਵਿਚ ਸੰਵਿਧਾਨ ਪੜ੍ਹਦਿਆਂ ਧਰਮ ਨਿਰਪੱਖ ਅਤੇ ਸਮਾਜਵਾਦੀ ਵਰਗੇ ਸ਼ਬਦ ਗਾਇਬ ਕਰ ਦਿੱਤੇ ਗਏ ਸਨ। ਇਸੇ ਕਾਰਨ ਸੁਪਰੀਮ ਕੋਰਟ ਨੇ ਵੀ ਕਿਹਾ ਕਿ ਪਤਾ ਨਹੀਂ ਕਦੋਂ ਤੱਕ ਭਾਰਤ ਧਰਮ ਨਿਰਪੱਖ ਦੇਸ ਬਣਿਆ ਰਹੇਗਾ। ਹੁਣ ਤਾਂ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਸ੍ਰੀ ਪ੍ਰਣਾਬ ਮੁਖਰਜੀ ਜੀ ਵੀ ਨੇ ਕਿਹਾ ਹੈ ਕਿ ਸੰਵਿਧਾਨ ਦੀ ਅਣਦੇਖੀ ਨਾਲ ਦੇਸ਼ ਕਮਜ਼ੋਰ ਹੋਵੇਗਾ।

ਸੰਘ ਪਰਿਵਾਰ ਹਿੰਦੂਆਂ ਦੇ ਦਬਦਬੇ ਨੂੰ ਭਾਰਤੀ ਰਾਜਨੀਤੀ ਦਾ ਮੁੱਖ ਥੀਮ ਬਣਾਉਣਾ ਚਾਹੁੰਦਾ ਹੈ। ਪਹਿਲਾਂ ਲੋਕ ਸਭਾ ਅਤੇ ਫਿਰ ਮਹਾਂਰਾਸ਼ਟਰ ਅਤੇ ਹਰਿਆਣਾ ਵਿਧਾਨ ਸਭਾ ਵਿਚ ਮੋਦੀ ਬ੍ਰਾਂਡ ਨੂੰ ਮਿਲੀ ਜਿੱਤ ਕਾਰਨ ਉਹਨਾਂ ਦੇ ਹੌਸਲੇ ਹੋਰ ਬੁਲੰਦ ਹੋ ਗਏ ਹਨ। ਪਰ ਅਰਵਿੰਦ ਕੇਜਰੀਵਾਲ ਨੇ ਸਾਬਤ ਕੀਤਾ ਕਿ ਰਾਜਨੀਤਿਕ ਏਜੰਡੇ ਨੂੰ ਫਿਰ ਤੋਂ ਜਨਤਾ ਦੇ ਮੁੱਦੇ ਵੱਲ ਖਿੱਚਣਾ ਸੰਭਵ ਹੈ।

ਅਤੇ ਘੱਟ ਤੋਂ ਘੱਟ ਦਿੱਲੀ ਦੇ ਵੋਟਰਾਂ ਨੇ ਤਾਂ ਦੱਸ ਦਿੱਤਾ ਕਿ ਉਹਨਾਂ ਦੇ ਲਈ ਰਿਸ਼ਵਤਖੋਰੀ, ਭ੍ਰਿਸ਼ਟਾਚਾਰ, ਸਸਤਾ ਪਾਣੀ-ਬਿਜਲੀ ਅਤੇ ਜਨਤਕ ਸਹੂਲਤਾਂ ਵਰਗੇ ਮੁੱਦੇ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਕੀਤੇ ਜਾਣ ਤੋਂ ਜ਼ਿਆਦਾ ਮਹੱਤਵਪੂਰਨ ਹਨ।

ਯਾਨਿ ਹਿੰਦੂਆਂ ਦੇ ਦਬਦਬੇ ਨੂੰ ਦੇਸ਼ ਦੀ ਮੁੱਖ ਰਾਜਨੀਤਿਕ ਥੀਮ ਬਣਾਉਣਾ ਇੰਨਾ ਸੌਖਾ ਨਹੀਂ ਹੈ। ਹਾਲਾਂਕਿ ਆਉਣ ਵਾਲੇ ਦਿਨਾਂ ਵਿਚ ਬਿਹਾਰ ਅਤੇ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਇਸਦੀ ਹੋਰ ਸਖਤ ਪ੍ਰੀਖਿਆ ਹੋਣਾ ਬਾਕੀ ਹੈ। ਪਰ ਕੀ ਦਿੱਲੀ ਵਿਚ ਭਾਜਪਾ ਨੂੰ ਲੱਗਭੱਗ ਮਲੀਆਮੇਟ ਕਰ ਦੇਣ ਵਾਲੀ ਇਸ ਹਾਰ ਤੋਂ ਬਾਅਦ ਹਿੰਦੂਵਾਦੀ ਸੰਗਠਨ ਕੁਝ ਸਬਕ ਸਿੱਖਣਗੇ ਅਤੇ ਆਪਣੇ ਰਾਜਨੀਤਿਕ ਏਜੰਡੇ ਤੇ ਫਿਰ ਤੋਂ ਵਿਚਾਰ ਕਰਨਗੇ?

ਕੀ ਨਰਿੰਦਰ ਮੋਦੀ ਹਿੰਦੂਤਵ ਦੇ ਮੁੱਦੇ ਤੇ ਅੱਗੇ ਵੀ ਚੁੱਪ ਧਾਰੀ ਰੱਖਣਗੇ ਜਾਂ ਫਿਰ ਦਿੱਲੀ ਦੇ ਚੋਣ ਨਤੀਜਿਆਂ ਤੋਂ ਬਾਅਦ ਉਹ ਖੁਦ ਨੂੰ ਸੰਘ ਪਰਿਵਾਰ ਤੋਂ ਅਲੱਗ ਦਿਖਾਉਣ ਦੀ ਕੋਸ਼ਿਸ਼ ਕਰਨਗੇ?

ਦਿੱਲੀ ਦੇ ਨਤੀਜਿਆਂ ਨੇ ਭਾਰਤੀ ਜਨਤਾ ਪਾਰਟੀ ਅਤੇ ਸੰਘ ਪਰਿਵਾਰ ਦੇ ਅੰਦਰੂਨੀ ਸਮੀਕਰਨਾਂ ਤੇ ਵੀ ਅਸਰ ਪਾਇਆ ਹੈ। ਭਾਰਤੀ ਜਨਤਾ ਪਾਰਟੀ ਦੇ ਅੰਦਰ ਵੀ ਬਹੁਤ ਸਾਰੇ ਲੀਡਰ ਮੋਦੀ ਨੂੰ ਮਿਲੇ ਵਿਸ਼ਾਲ ਬਹੁਮਤ ਦੇ ਬਾਅਦ ਉਹਨਾਂ ਨਾਲ ਅਤੇ ਅਮਿਤ ਸ਼ਾਹ ਨਾਲ ਅਸਹਿਮਤ ਹੁੰਦੇ ਹੋਏ ਵੀ ਖਾਮੋਸ਼ ਸਨ।

ਹਾਲਾਂਕਿ ਅਖਬਾਰਾਂ ਵਿਚ ਬੇਨਾਮ ਸੂਤਰਾਂ ਦੇ ਹਵਾਲੇ ਨਾਲ ਪਾਰਟੀ ਦੇ ਅੰਦਰ ਰੋਸ ਪੈਦਾ ਹੋਣ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਸਨ। ਪਾਰਟੀ ਦਾ ਇਕ ਤਬਕਾ ਅਮਿਤ ਸ਼ਾਹ ਨੂੰ ਅਚਾਨਕ ਦਿੱਤੇ ਗਏ ਮਹੱਤਵ ਅਤੇ ਲੱਗਭੱਗ ਅਜੇਤੂ ਅਕਸਰ ਤੋਂ ਵੀ ਖੁਸ਼ ਨਹੀਂ ਹੈ।

ਲੋਕ ਸਭਾ ਚੋਣਾਂ ਵਿਚ ਉਤਰ ਪ੍ਰਦੇਸ਼ ਵਿਚ 80 ਵਿਚੋਂ 72 ਸੀਟਾਂ ਜਿੱਤਣ ਦਾ ਸਿਹਰਾ ਅਮਿਤ ਸ਼ਾਹ ਨੂੰ ਹੀ ਮਿਲਿਆ ਸੀ ਅਤੇ ਇਸ ਨਾਲ ਵਿਵਾਦਾਂ ਵਿਚ ਘਿਰੇ ਗੁਜਰਾਤ ਦੇ ਇਸ ਸਥਾਨਕ ਲੀਡਰ ਦਾ ਕੱਦ ਇੰਨਾ ਵੱਧ ਗਿਆ ਕਿ ਭਾਜਪਾ ਦਾ ਮੁਖੀ ਬਣਾ ਦਿੱਤਾ ਗਿਆ।


ਪਰ ਸੰਘ ਪਰਿਵਾਰ ਦੇ ਅੰਦਰ ਅਤੇ ਪਾਰਟੀ ਦੇ ਕੁਝ ਲੋਕ ਅਮਿਤ ਸ਼ਾਹ ਦੇ ਤੌਰ ਤਰੀਕਿਆਂ ਤੋਂ ਔਖਾ ਮਹਿਸੂਸ ਕਰ ਰਹੇ ਸਨ ਅਤੇ ਇਹ ਵੀ ਕਿਹਾ ਜਾਣ ਲੱਗਿਆ ਹੈ ਕਿ ਦਿੱਲੀ ਚੋਣਾਂ ਤੋਂ ਬਾਅਦ ਅਮਿਤ ਸ਼ਾਹ ਦੇ ਵਿਰੋਧੀਆਂ ਨੂੰ ਮਜ਼ਬੂਤੀ ਮਿਲੇਗੀ।

ਜੇਕਰ ਨਰਿੰਦਰ ਮੋਦੀ ਚਾਹੁੰਦੇ ਤਾਂ ਇਹਨਾਂ ਚੋਣਾਂ ਤੋਂ ਅਲੱਗ ਰੱਖ ਕੇ ਖੁਦ ਨੂੰ ਹਾਰ ਦੇ ਅਸਰ ਤੋਂ ਬਚਾ ਸਕਦੇ ਸਨ ਪਰ ਕੇਜਰੀਵਾਲ ਦੇ ਬਰਾਬਰ ਆ ਕੇ ਦੋ-ਦੋ ਹੱਥ ਕਰਨ ਦਾ ਫੈਸਲਾ ਕਰਕੇ ਮੋਦੀ ਨੇ ਦਿੱਲੀ ਚੋਣਾਂ ਦੇ ਮਹੱਤਵ ਨੂੰ ਖੁਦ ਹੀ ਵਧਾ ਦਿੱਤਾ। ਉਹ ਹੀ ਨਹੀਂ ਉਹਨਾਂ ਦੇ ਲੈਫਟੀਨੈਂਟ ਅਮਿਤ ਸ਼ਾਹ, ਕੈਬਨਿਟ ਮੰਤਰੀਆਂ ਦਾ ਹਜ਼ੂਮ, ਸਾਂਸਦਾਂ ਦੀ ਫੌਜ ਮੈਦਾਨ ਵਿਚ ਉਤਰ ਗਈ। ਦਿੱਲੀ ਦੀਆਂ 70 ਵਿਧਾਨ ਸਭਾ ਸੀਟਾਂ ਦੀ ਲੜਾਈ ਕੇਜਰੀਵਾਲ ਬਨਾਮ ਮੋਦੀ ਦੀ ਲੜਾਈ ਬਣ ਕੇ ਰਹਿ ਗਈ। ਦਿੱਲੀ ਦੇ ਹਰ ਕੋਨੇ ਅਤੇ ਚੌਰਾਹੇ ਨੂੰ 'ਚਲੋ ਚਲੇਂ ਮੋਦੀ ਕੇ ਸਾਥ' ਦੇ ਬੈਨਰਾਂ ਨਾਲ ਭਰ ਦਿੱਤਾ ਗਿਆ, ਜਿਵੇਂ ਮੋਦੀ ਖੁਦ ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ ਦੀ ਲੜਾਈ ਲੜ ਰਹੇ ਹੋਣ।ਨਰਿੰਦਰ ਮੋਦੀ ਅਤੇ ਮਿਤ ਸ਼ਾਹ ਕੱਲ੍ਹ ਤੱਕ ਅਜੇਤੂ ਅਤੇ ਸਰਵ ਸ਼ਕਤੀਮਾਨ ਲੱਗਦੇ ਸਨ।

ਆਮ ਜਨਤਾ ਦੀਆਂ ਨਜ਼ਰਾਂ ਵਿਚ ਉਹਨਾਂ ਦੇ ਅਕਸ ਦਾ ਅੰਦਾਜ਼ਾ ਲਗਾਉਣਾ ਹੋਵੇ ਤਾਂ ਸੋਸ਼ਲ ਮੀਡੀਆ ਤੇ ਸ਼ੇਅਰ ਕੀਤੇ ਜਾ ਰਹੇ ਕਾਰਟੂਨਾਂ ਅਤੇ ਟਿੱਪਣੀਆਂ ਨੂੰ ਦੇਖੋ, ਕਿਸੇ ਕਾਰਟੂਨ ਵਿਚ ਅਰਵਿੰਦ ਕੇਜਰੀਵਾਲ ਨੂੰ ਕੂੜਾ ਗੱਡੀ ਖਿੱਚਦੇ ਦਿਖਾਇਆ ਹੈ, ਜਿਸ ਵਿਚ ਨਰਿੰਦਰ ਮੋਦੀ, ਅਮਿਤ ਸ਼ਾਹ, ਅਜੈ ਮਾਕਨ ਆਦਿ ਲੱਦੇ ਹੋਏ ਹਨ। ਕਿਸੇ ਕਾਰਟੂਨ ਵਿਚ ਕੇਜਰੀਵਾਲ ਨੂੰ ਸ਼ਿਕਾਰੀ ਦੀ ਪੁਸ਼ਾਕ ਵਿਚ ਦਿਖਾਇਆ ਹੈ ਜਿਸ ਦੇ ਇਕ ਹੱਥ ਵਿਚ ਦੋਨਾਲੀ ਅਤੇ ਦੂਜੇ ਹੱਥ ਵਿਚ ਇਕ ਖਰਗੋਸ਼ ਹੈ। ਖਰਗੋਸ਼ ਦੇ ਚਿਹਰੇ ਦੀ ਜਗ੍ਹਾ ਫੋਟੋਸ਼ਾਪ ਦੀ ਮਦਦ ਨਾਲ ਮੋਦੀ ਦਾ ਚਿਹਰਾ ਲਗਾ ਦਿੱਤਾ ਗਿਆ ਹੈ।


- ਤਰਸੇਮ ਜਲੰਧਰੀ

# ਕੇਜਰੀਵਾਲ ਨੇ ਦਿੱਲੀ 'ਚ ਰੋਕਿਆ ਮੋਦੀ ਦਾ ਵਿਜੇ ਰੱਥ


ਫਰੈਡੀ ਜੋਜ਼ਫ

ਲੋਕ ਸਭਾ ਚੋਣਾਂ 2014 ਵਿੱਚ ਭਾਰਤੀਆ ਜਨਤਾ ਪਾਰਟੀ ਨੂੰ ਬੇਮਿਸਾਲ ਜਿੱਤ ਪ੍ਰਾਪਤ ਹੋਣ ਤੋਂ ਬਾਅਦ ਸ਼੍ਰੀ ਨਰਿੰਦਰ ਮੋਦੀ ਦੇ ਵਿਜੇ ਰੱਥ ਨੇ ਹਰਿਆਣਾ, ਮਹਾਂ-ਰਾਸ਼ਟਰ, ਝਾਰਖੰਡ ਤੇ ਜੰਮੂ ਕਸ਼ਮੀਰ ਵਿੱਚ ਬੇਮਿਸਾਲ ਮੱਲਾਂ ਮਾਰਨ ਤੋਂ ਬਾਅਦ ਦਿੱਲੀ ਤੇ ਚੜ੍ਹਾਈ ਕੀਤੀ। ਪਰ ਇੱਥੇ ਜਿਸ ਢੰਗ ਨਾਲ ਆਮ ਆਦਮੀ ਪਾਰਟੀ ਨੇ ਇਸ ਰੱਥ ਨੂੰ ਰੋਕ ਕੇ ਅਕਾਸ਼ ਤੋਂ ਜ਼ਮੀਨ ਤੇ ਪਟਕ ਮਾਰਿਆ ਹੈ ਉਸ ਨਾਲ ਸਾਰੀ ਦੁਨੀਆਂ ਹੈਰਾਨ ਰਹਿ ਗਈ ਹੈ।

ਬਹੁ-ਚਰਚਿਤ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਕੰਵਲ ਦੇ ਫੁੱਲ ਤੇ ਝਾੜੂ ਬੁਲਡੋਜ਼ਰ ਬਣ ਕੇ ਫਿਰ ਗਿਆ। ਆਮ ਆਦਮੀ ਪਾਰਟੀ ਨੂੰ ਦਿੱਲੀ ਵਿੱਚ 67 ਸੀਟਾਂ ਦੀ ਬੇਮਿਸਾਲ ਜਿੱਤ ਪ੍ਰਾਪਤ ਹੋਈ ਹੈ ਜਦਕਿ ਭਾਰਤੀਆ ਜਨਤਾ ਪਾਰਟੀ ਕੇਵਲ 3 ਸੀਟਾਂ ਤੇ ਸਿਮਟ ਕੇ ਰਹਿ ਗਈ ਹੈ। ਇਥੇ ਵਰਣਨਯੋਗ ਹੈ ਕਿ ਇਨ੍ਹਾਂ ਚੋਣਾਂ ਵਿੱਚ ਭਾਰਤੀਆ ਜਨਤਾ ਪਾਰਟੀ ਨੇ ਆਪਣੀ ਪੂਰੀ ਤਾਕਤ ਝੋਕ ਦਿੱਤੀ ਸੀ। ਇਥੋਂ ਤੱਕ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਨ੍ਹਾਂ ਚੋਣਾਂ ਦਾ ਅਰੰਭ ਰਾਮ ਲੀਲਾ ਮੈਦਾਨ ਵਿੱਚ ਇੱਕ ਰੈਲੀ ਕਰਕੇ ਕੀਤਾ ਸੀ। ਹਰਿਆਣਾ ਤੇ ਯੂ.ਪੀ. ਦੇ ਬਾਹਰਲੇ ਸੂਬਿਆਂ ਤੋਂ ਲੋਕਾਂ ਨੂੰ ਢੋਣ ਦੇ ਬਾਵਜੂਦ ਇਹ ਰੈਲੀ ਠੁੱਸ ਹੋ ਗਈ ਸੀ। ਇਸ ਤੋਂ ਬਾਅਦ ਇਨ੍ਹਾਂ ਚੋਣਾਂ ਵਿੱਚ ਆਪਣੀ ਜਿੱਤ ਯਕੀਨੀ ਬਣਾਉਣ ਲਈ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਆਪਣੀ ਕੇਂਦਰੀ ਕੇਬਨਿਟ ਦੇ ਸਾਰੇ ਮੰਤਰੀ ਇਸ ਜੰਗ ਵਿੱਚ ਝੋਕ ਦਿੱਤੇ। ਇਨ੍ਹਾਂ ਚੋਣਾਂ ਦੌਰਾਨ ਦਿੱਲੀ ਵਿੱਚ ਢਾਈ ਸੌ ਰੈਲੀਆਂ ਕੀਤੀਆਂ। ਪ੍ਰਧਾਨ ਮੰਤਰੀ ਨੇ ਖੁਦ ਚਾਰ ਰੈਲੀਆਂ ਕੀਤੀਆਂ। ਜਿਨ੍ਹਾਂ ਤੇ ਕਰੋੜਾਂ ਰੁਪਏ ਖਰਚ ਕੀਤੇ ਗਏ। ਇਸ ਚੋਣ ਦੇ ਇੰਚਾਰਜ ਪਾਰਟੀ ਪ੍ਰਧਾਨ ਅਮਿਤ ਸ਼ਾਹ ਇਨ੍ਹਾਂ ਚੋਣਾਂ ਵਿੱਚ ਦੋ ਤਿਹਾਈ ਸੀਟਾਂ ਪ੍ਰਾਪਤ ਕਰਨ ਦੇ ਸੁਪਨੇ ਲੈਣ ਲੱਗੇ।



ਜਿਸ ਢੰਗ ਨਾਲ ਇਨ੍ਹਾਂ ਚੋਣਾਂ ਵਿੱਚ ਭਾਜਪਾ ਦੀ ਫੀਜੀਹਤ ਹੋਈ ਹੈ ਉਸ ਦਾ ਕਦੀ ਕਿਸੇ ਨੇ ਕਿਆਸ ਤੱਕ ਨਹੀਂ ਕੀਤਾ ਸੀ। ਦਿੱਲੀ ਦੀਆਂ ਕੁਲ 70 ਸੀਟਾਂ ਵਿਚੋਂ ਭਾਰਤੀਆ ਜਨਤਾ ਪਾਰਟੀ ਨੇ ਦੋ ਤਿਹਾਈ ਦੇ ਬਜਾਏ ਤਿੰਨ ਸੀਟਾਂ ਹੀ ਮਿਲੀਆਂ। ਇਸ ਸ਼ਰਮਨਾਕ ਹਾਰ ਨੇ ਭਾਜਪਾ ਦੇ ਚਾਣਕਿਆ ਆਖੇ ਜਾਣ ਵਾਲੇ ਅਮਿਤ ਸ਼ਾਹ ਅਤੇ ਹੋਰ ਮਹਾਂਰਥੀਆਂ ਨੂੰ ਲੋਕ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਛੱਡਿਆ। ਦੇਸ਼ ਭਰ ਦੇ ਪੱਤਰਕਾਰਾਂ ਨੇ ਭਾਜਪਾ ਦੀ ਇਸ ਸ਼ਰਮਨਾਕ ਹਾਰ ਦੇ ਜੋ ਕਾਰਣ ਬਿਆਨ ਕੀਤੇ ਹਨ ਉਨ੍ਹਾਂ ਵਿੱਚੋਂ ਕੁਝ ਮੋਟੇ ਮੋਟੇ ਇਸ ਪ੍ਰਕਾਰ ਹਨ -

(ੳ) ਦਿੱਲੀ ਵਿੱਚ ਵਿਧਾਨ ਸਭਾ ਚੋਣਾਂ ਕਰਾਉਣ ਵਿਚ ਕੀਤੀ ਗਈ ਬੇ ਲੋੜੀ ਦੇਰੀ।

(ਅ) ਚੋਣਾਂ ਸਿਰ ਤੇ ਆ ਜਾਣ ਤੋਂ ਬਾਅਦ ਕਿਰਨ ਬੇਦੀ ਨੂੰ ਪਾਰਟੀ ਦੀ ਮੁਖ ਮੰਤਰੀ ਦੀ ਉਮੀਦ-ਵਾਰ ਵਜੋਂ ਮੈਦਾਨ ਵਿੱਚ ਉਤਾਰਿਆ ਜੋ ਕਿ ਪਾਰਟੀ ਦੀ ਮੈਂਬਰ ਵੀ ਨਹੀਂ ਸੀ।

(ੲ) ਪ੍ਰਧਾਨ ਮੰਤਰੀ ਤੋਂ ਲੈ ਕੇ ਭਾਜਪਾ ਦੇ ਛੋਟੇ ਤੋਂ ਛੋਟੇ ਨੇਤਾ ਵਲੋਂ ਕੇਜਰੀਵਾਲ ਦੀ ਕੀਤੀ ਇਖਲਾਕਕੁਸ਼ੀ

(ਸ) ਮੋਦੀ ਵਲੋਂ ਵਿਦੇਸ਼ਾਂ ਵਿੱਚ ਪਿਆ ਕਾਲਾ ਧੰਨ ਵਾਪਿਸ ਲਿਆ ਕੇ ਭਾਰਤ ਦੇ ਹਰ ਨਾਗਰਿਕ ਦੇ ਬੈਂਕ ਖਾਤੇ ਵਿੱਚ 15-15 ਲੱਖ ਰੁਪਏ ਜਮਾ ਕਰਾਉਣ ਦਾ ਵਾਅਦਾ ਨਾ ਪੂਰਾ ਕਰਨਾ

(ਹ) ਮਹਿੰਗਾਈ ਤੇ ਰੋਕ ਲਾਉਣ ਵਿੱਚ ਅਸਫਲ ਰਹਿਣਾ ਪਰ ਅਸੀਂ ਸਮਝਦੇ ਹਾਂ ਕਿ ਇਨ੍ਹਾਂ ਕਾਰਣਾਂ ਤੋਂ ਇਲਾਵਾ ਭਾਜਪਾ ਦੀ ਸ਼ਰਮਨਾਕ ਹਾਰ ਦੇ ਕੁਝ ਹੋਰ ਤੱਤ ਇਨ੍ਹਾਂ ਤੱਤਾਂ ਤੋਂ ਵੀ ਵਧੇਰੇ ਮਹੱਤਵ ਰੱਖਦੇ ਹਨ। ਜੋ ਇਸ ਪ੍ਰਕਾਰ ਹਨ -

(ੳ) ਭਾਰਤੀਆ ਜਨਤਾ ਪਾਰਟੀ ਦੇ ਹੇਠੋਂ ਲੈ ਕੇ ਪ੍ਰਧਾਨ ਮੰਤਰੀ ਤੱਕ ਨੂੰ ਇਹ ਵਹਿਮ ਹੋ ਗਿਆ ਸੀ ਕਿ ਸਾਰਾ ਦੇਸ਼ ਹੁਣ ਸਾਡੇ ਇਸ਼ਾਰੇ ਤੇ ਨੱਚ ਰਿਹਾ ਹੈ।

(2) ਭਾਰਤ ਨੂੰ ਹੁਣ ਸੈਕੂਲਰ ਤੋਂ ਧਰਮ ਅਧਾਰਿਤ ਦੇਸ਼ ਬਣਾਉਣ ਦਾ ਸਮਾਂ ਆ ਗਿਆ ਹੈ। (3) ਲੋਕ ਆਪਣਾ ਧਰਮ ਸਾਡੇ ਕਹਿਣ ਤੇ ਜਾਂ ਸਾਡੇ ਡਰਾਵੇ ਨਾਲ ਬਦਲ ਸਕਦੇ ਹਨ। (4) ਅਸੀਂ ਦੇਸ਼ ਚੋਂ ਕਰਿਸਮਸ ਤੇ ਵੈਲਨਟਾਈਨ ਡੇ ਮਨਾਉਣ ਵਰਗੀਆਂ ਰਸਮਾਂ ਖਤਮ ਕਰ ਸਕਦੇ ਹਾਂ ਅਰਥਾਤ ਲੋਕਾਂ ਦਾ ਕਲਚਰ ਬਦਲ ਸਕਦੇ ਹਾਂ।

(5) ਦੇਸ਼ ਦੇ ਕੁਝ ਹਿਸਿਆਂ ਵਿੱਚ ਲੋਕਾਂ ਦਾ ਜਬਰੀ ਦਸਤੀ ਧਰਮ ਪਰਿਵਰਤਨ ਕਰਨ ਦੇ ਯਤਨ ਅਤੇ ਭਾਜਪਾ ਦੇ ਸਹਿਯੋਗੀ ਸੰਗਠਨਾਂ ਵਲੋਂ ਘਟਗਿਣ-ਤੀਆਂ ਨੂੰ ਡਰਾਉਣ ਧਮਕਾਉਣ ਦੇ ਯਤਨ ਇਨ੍ਹਾਂ ਕਾਰਣਾਂ ਕਰਕੇ ਦੇਸ਼ ਦੀਆਂ ਘਟਗਿਣਤੀਆਂ ਵਿੱਚ ਦਹਿਸ਼ਤ ਨੇ ਲੋਕਾਂ ਨੂੰ ਭਾਰਤੀਆ ਜਨਤਾ ਪਾਰਟੀ ਵਿਰੁਧ ਇੱਕਠਾ ਕਰ ਦਿੱਤਾ। ਜੇਕਰ ਦਿੱਲੀ ਦੇ ਉਨ੍ਹਾਂ ਲੋਕਾਂ ਉੱਤੇ ਫਲੱਡ ਲਾਈਟ ਸੁੱਟੀ ਜਾਵੇ ਜਿਨ੍ਹਾਂ ਨੇ ਸਭ ਤੋਂ ਵੱਧ ਜੋਸ਼ ਨਾਲ ਆਪਣੀ ਵੋਟ ਭਾਜਪਾ ਵਿਰੁਧ ਪਾਈ ਹੈ ਤਾਂ ਸਾਡੇ ਉਪਰੋਕਤ ਤੱਤ ਉਭਰ ਕੇ ਸਾਮ੍ਹਣੇ ਆ ਜਾਣਗੇ।

ਸਾਡੀ ਭਾਜਪਾ ਨੂੰ ਇਮਾਨਦਾਰਨਾਂ ਰਾਇ ਹੈ ਕਿ ਉਹ ਆਪਣੀ ਜਿੱਤ ਦੇ ਨਸ਼ੇ ਵਿਚੋਂ ਬਾਹਰ ਆਵੇ ਅਤੇ ਦੇਸ਼ ਵਿੱਚ ਮੌਜੂਦ ਹਕੀਕਤਾਂ ਸਮਝਣ ਦੀ ਕੋਸ਼ਿਸ਼ ਕਰੇ। ਧਰਮ ਅਧਾਰਿਤ ਦੇਸ਼ਾਂ ਦੇ ਜ਼ਮਾਨੇ ਲੱਦ ਗਏ ਹਨ ਅਤੇ ਉਹ ਹੁਣ ਮੁੜ ਕੇ ਨਹੀਂ ਆਉਣਗੇ। ਉਸ ਨੂੰ ਸ਼ੇਖਚਿੱਲੀ ਦਾ ਇਹ ਸੁਪਨਾ ਦੇਖਣਾ ਬੰਦ ਕਰਨਾ ਚਾਹੀਦਾ ਹੈ ਕਿ ਇਹ ਦੇਸ਼ ਉਨ੍ਹਾਂ ਦੇ ਸੁਪਨਿਆਂ ਦਾ ਦੇਸ਼ ਅਰਥਾਤ ਧਰਮ ਅਧਾਰਿਤ ਦੇਸ਼ ਬਣ ਸਕਦਾ ਹੈ।

### ਕੇਜਰੀਵਾਲ ਨਾ ਸਮਝੇ ਤਾਂ ਉਨ੍ਹਾਂ ਨੂੰ ਵੀ ਮਾਰ ਦਿਆਂਗੇ

(ਜਗਬਾਣੀ 10-02-2015 ਤੋਂ ਧੰਨਵਾਦ ਸਹਿਤ) ਖੁਦ ਨੂੰ ਹਿੰਦੂ ਸਭਾ ਦਾ ਕੱਦਾਵਰ ਨੇਤਾ ਦੱਸਣ ਵਾਲੇ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਉਮੀਦਵਾਰ ਸੁਆਮੀ ਓਮ ਜੀ ਦੇ ਇਕ ਖਤਰਨਾਕ ਬਿਆਨ ਨੇ ਸੋਸ਼ਲ ਮੀਡੀਆ ਤੇ ਹਲਚਲ ਮਚਾ ਰੱਖੀ ਹੈ। ਸੁਆਮੀ ਓਮ ਦੇ ਇਕ ਇੰਟਰਵਿਊ ਦਾ ਵੀਡੀਓ ਯੂ ਟਿਊਬ ਤੇ ਪਾਇਆ ਗਿਆ ਹੈ। ਇਸ ਇੰਟਰਵਿਊ ਵਿੱਚ ਸਵਾਮੀ ਦਾਅਵਾ ਕਰਦੇ ਹਨ ਕਿ ਕੇਜਰੀਵਾਲ ਨਹੀਂ ਸਮਝੇ ਤਾਂ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਜਾਵੇਗੀ। ਸਵਾਮੀ ਓਮ ਜੀ ਨਵੀਂ ਦਿੱਲੀ ਵਿਧਾਨ ਸਭਾ ਤੋਂ ਆਮ ਆਦਮੀ ਪਾਰਟੀ ਨੇਤਾ ਅਰਵਿੰਦ ਕੇਜਰੀਵਾਲ ਦੇ ਸਾਹਮਣੇ ਚੋਣ ਲੜੇ, ਪਰ ਬੁਰੀ ਤਰਾਂ ਹਾਰ ਗਏ ਹਨ।

ਇੰਟਰਵਿਊ ਵਿੱਚ ਉਨ੍ਹਾਂ ਨੇ ਕਿਹਾ, "ਮੈਂ ਪਰਸ਼ੂਰਾਮ ਦੇ ਵੰਸ਼ ਚੋਂ ਹਾਂ। ਕੋਈ ਘੰਟੀ ਵਜਾਉਣ ਵਾਲਾ ਸਾਧੂ ਨਹੀਂ ਹਾਂ। ਦੇਸ਼ਦ੍ਰੋਹੀਆਂ ਨੂੰ ਮੈਂ ਗੋਲੀ ਮਾਰਦਾ ਹਾਂ। ਅਸੀ ਮਹਾਤਮਾ ਗਾਂਧੀ ਨੂੰ ਗੋਲੀ ਮਾਰੀ ਸੀ। ਹਿੰਦੂ ਮਹਾ ਸਭਾ ਸਾਡੀ ਪਾਰਟੀ ਹੈ, ਨੱਥੂ ਰਾਮ ਗੋਡਸੇ ਸਾਡੀ ਪਾਰਟੀ ਦੇ ਸਨ ਅਤੇ ਕਿਉਂਕਿ ਮਹਾਤਮਾ ਗਾਂਧੀ ਨੇ ਦੇਸ਼ ਨੂੰ ਵੰਡਿਆ ਸੀ, ਇਸ ਲਈ ਮਹਾਤਮਾ ਗਾਂਧੀ ਨੂੰ ਵੀ ਅਸੀ ਗੋਲੀ ਮਾਰ ਦਿੱਤੀ। ਆਉਣ ਵਾਲੇ ਸਮੇਂ ਵਿੱਚ ਜੋ ਵੀ ਦੇਸ਼ ਦੇ ਵਿਰੁਧ ਕੰਮ ਕਰੇਗਾ, ਉਸ ਨੂੰ ਪਹਿਲਾਂ ਪਿਆਰ ਨਾਲ ਸਮਝਾਵਾਂਗੇ, ਨਹੀਂ ਸਮਝੇਗਾ ਤਾਂ ਉਸ ਨੂੰ ਵੀ ਗੋਲੀ ਮਾਰਾਂਗੇ।''

### ਹਰ ਮਸਜਿਦ 'ਚ ਸਥਾਪਿਤ ਕਰਾਂਗੇ ਗਣੇਸ਼ ਜੀ ਦੀ ਮੂਰਤੀ: ਯੋਗੀ

(ਜਗਬਾਣੀ 10-02-2015 ਤੋਂ ਧੰਨਵਾਦ ਸਹਿਤ) ਭਾਜਪਾ ਦੇ ਗੋਰਖਪੁਰ ਤੋਂ ਸੰਸਦ ਮੈਂਬਰ ਯੋਗੀ ਅਦਿੱਤਯਾ ਨਾਥ ਨੇ ਭੜਕਾਊ ਬਿਆਨ ਦਿੱਤਾ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਦੀ 50ਵੀਂ ਵਰ੍ਹੇਗੰਢ ਤੇ ਆਪਣੇ ਭਾਸ਼ਣ 'ਚ ਅਦਿੱਤਯਾ ਨਾਥ ਨੇ ਕਿਹਾ ਕਿ ਜੇਕਰ ਉਨਾਂ ਨੂੰ ਮੌਕਾ ਮਿਲਿਆ ਤਾਂ ਉਹ ਸਾਰੀਆਂ ਮਸਜਿਦਾਂ ਦੇ ਅੰਦਰ ਗੌਰੀ ਅਤੇ ਗਣੇਸ਼ ਦੀਆਂ ਮੂਰਤੀਆਂ ਸਥਾਪਿਤ ਕਰ ਦੇਣਗੇ। ਉਨਾਂ ਕਿਹਾ ਕਿ ਮੱਕਾ 'ਚ ਗੈਰ ਮੁਸਲਿਮ ਨਹੀਂ ਜਾ ਸਕਦਾ। ਵੈਟੀਕਨ ਸਿਟੀ 'ਚ ਗੈਰ ਈਸਾਈ ਨਹੀਂ ਜਾ ਸਕਦਾ ਪਰ ਇਥੇ ਹਰ ਕੋਈ ਆ ਸਕਦਾ ਹੈ। ਵੈਟੀਕਨ ਸਿਟੀ ਮਦਰ ਟੈਰੇਸਾ ਨੂੰ ਸੰਤ ਐਲਾਨਦਾ ਹੈ ਪਰ ਵਿਦੇਸ਼ੀ ਭਾਰਤੀ ਸੰਤਾਂ ਨੂੰ ਮਾੜੀ ਨਜ਼ਰ ਨਾਲ ਦੇਖਦੇ ਹਨ।

### ਸਾਰੇ ਹਿੰਦੂਆਂ ਨੂੰ ਸੰਗਠਿਤ ਕਰਨ ਦਾ ਢੁਕਵਾਂ ਸਮਾਂ: ਭਾਗਵਤ

(ਜਗਬਾਣੀ 10-02-2015 ਤੋਂ ਧੰਨਵਾਦ ਸਹਿਤ) ਰਾਸ਼ਟਰੀ ਸਵੈ ਸੇਵਕ ਸੰਘ ਆਰ.ਐਸ.ਐਸ ਦੇ ਸੰਘ ਸੰਚਾਲਕ ਮੋਹਨ ਭਾਗਵਤ ਨੇ ਕਿਹਾ ਹੈ ਕਿ ਭਾਰਤ ਇਕ 'ਹਿੰਦੂ ਰਾਸ਼ਟਰ' ਹੈ ਅਤੇ ਦੇਸ਼ ਵਿੱਚ ਸਾਰੇ ਹਿੰਦੂਆਂ ਨੂੰ ਸੰਗਠਿਤ ਕਰਨ ਦੀ ਲੋੜ ਹੈ ਅਤੇ ਇਸ ਦੇ ਲਈ ਇਹ ਢੁਕਵਾਂ ਸਮਾਂ ਹੈ।

ਭਾਗਵਤ ਨੇ ਮਸ਼ਹੂਰ ਕਵੀ ਰਵਿੰਦਰ ਨਾਥ ਠਾਕੁਰ ਨੂੰ ਪੇਸ਼ ਕਰਦਿਆਂ ਕਿਹਾ ਕਿ ਹੁਣ ਕਦੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਸੰਘਰਸ਼ ਹੋਵੇਗਾ ਤਾਂ 'ਇਕ ਵਿਚਲਾ ਰਸਤਾ ਨਿਕਲੇਗਾ ਅਤੇ ਇਹ ਰਸਤਾ ਹਿੰਦੂਤਵ ਹੋਵੇਗਾ' ਉਨ੍ਹਾਂ ਨੇ ਕਿਹਾ, 'ਹਿੰਦੁਸਤਾਨ ਇਕ ਹਿੰਦੂ ਰਾਸ਼ਟਰ ਹੈ, ਜੋ ਇਕ ਤੱਥ ਹੈ, ਅਸੀ ਇਸ ਵਿਚਾਰ ਨਾਲ ਅੱਗੇ ਵਧ ਰਹੇ ਹਾਂ।

ਇਸ ਦੋਸ਼ ਨੂੰ ਮਹਾਨ ਬਣਾਉਣ ਲਈ ਸਾਰੇ ਹਿੰਦੂਆਂ ਨੂੰ ਸੰਗਠਿਤ ਹੋਣਾ ਪਵੇਗਾ।

# ਗਿਆਨ-ਵਿਗਿਆਨ


ਮੇਘ ਰਾਜ ਮਿੱਤਰ
+91-98887-87440

### ਉੱਲੂਆਂ ਨੂੰ ਦਿਨ ਵਾਲੇ ਦਿਖਾਈ ਕਿਉਂ ਨਹੀਂ ਦਿੰਦਾ?

ਜਦੋਂ ਤੁਸੀਂ ਸਿਨਮਾ ਘਰ ਵਿੱਚੋ ਫਿਲਮ ਵੇਖਕੇ ਬਾਹਰ ਨਿਕਲਦੇ ਹੋ ਤਾਂ ਕੁਝ ਸਮੇਂ ਨਿਕਲਦੇ ਹੋ ਤਾਂ ਕੁਝ ਸਮੇਂ ਲਈ ਤੁਹਾਨੂੰ ਘੱਟ ਵਿਖਾਈ ਦੇਣ ਲੱਗ ਜਾਂਦਾ ਹੈ। ਪੰਜ ਸੱਤ ਮਿੰਟ ਦੇ ਸਮੇਂ ਦੌਰਾਨ ਹੀ ਤੁਹਾਡੀਆ ਅੱਖਾਂ ਦੀ ਰੌਸ਼ਨੀ ਮੁੜ ਪਹਿਲੀ ਹਾਲਤ ਵਿੱਚ ਆ ਜਾਂਦੀ ਹੈ। ਉੱਲੂਆਂ ਦੇ ਵੱਡੇ ਵਡੇਰੇ ਲੱਖਾਂ ਸਾਲਾਂ ਤੋਂ ਗੁਫਾਵਾਂ ਵਿੱਚ ਰਹਿੰਦੇ ਰਹੇ। ਇਸ ਲਈ ਇਹ ਹਨੇਰੇ ਵਿੱਚ ਵੇਖਣ ਦੇ ਆਦੀ ਹੋ ਗਏ ਹਨ। ਤੇਜ ਰੌਸ਼ਨੀ ਵਿੱਚ ਇਹਨਾਂ ਦੀਆਂ ਅੱਖਾਂ ਚੁੰਧਿਆ ਜਾਂਦੀਆ ਹਨ। ਜਿਸ ਕਾਰਨ ਉਹਨਾਂ ਨੂੰ ਦਿਨ ਵੇਲੇ ਦਿ-ਖਾਈ ਨਹੀਂ ਦਿੰਦਾ ਹੈ।

### ਚਾਮ ਚੜਿੱਕਾਂ ਆਪਣਾ ਰਸਤਾ ਕਿਵੇਂ ਪਤਾ ਕਰਦੀਆਂ ਹਨ?

ਵਿਗਿਆਨੀਆਂ ਨੇ ਜਾਨਵਰਾਂ ਤੋਂ ਬਹੁਤ ਕੁਝ ਸਿੱਖਿਆ ਹੈ। ਦੁਸ਼ਮਨ ਦੇ ਹਵਾਈ ਜਹਾਜ਼ਾਂ ਦਾ ਪਤਾ ਲਗਾਉਣ ਲਈ ਵਰਤੀ ਜਾਣ ਵਾਲੀਂ ਰਾਡਾਰ ਪ੍ਰਣਾਲੀ ਵੀ ਚਾਮ ਗਿੱਦੜਾਂ ਵਲੋਂ ਵਰਤੋਂ ਵਿੱਚ ਲਿਆਂਦੀ ਜਾਣ ਵਾਲੀ ਪ੍ਰਣਾਲੀ ਵਾਂਗ ਹੀ ਹੈ। ਚਾਮ ਗਿੱਦੜ ਆਪਣੇ ਗਲੇ ਵਿੱਚੋਂ ਆਵਾਜ਼ ਨਾਲੋਂ ਵੱਧ ਤਰੰਗ ਲੰਬਾਈ ਦੀਆਂ ਲਹਿਰਾਂ ਛੱਡਦੇ ਹਨ। ਜਿਹੜੀਆਂ ਕੰਧਾ ਵਰਗੀਆਂ ਰੁਕਾਵਟ ਦੀ ਜਾਣਕਾਰੀ ਹੋ ਜਾਂਦੀ ਹੈ।

### ਕੁੱਤਿਆ ਨੂੰ ਭੂਚਾਲ ਦਾ ਪਤਾ ਕਿਵੇਂ ਲੱਗ ਜਾਂਦਾ ਹੈ?

ਮਨੁੱਖ ਨੂੰ ਆਪਣੇ ਕੰਨਾਂ ਦੀ ਸਹਾਇਤਾ ਨਾਲ 20 ਹਰਟਜ ਤੋਂ 20,000 ਹਰਟਜ ਪ੍ਰਤੀ ਸੈਕਿੰਡ ਤੱਕ ਦੀ ਆਵ੍ਰਿਤੀ ਦੀਆਂ ਤਰੰਗਾ ਸੁਣ ਸਕਦਾ ਹੈ। 20 ਹਰਟਜ ਤੋਂ ਘੱਟ ਆਵ੍ਰਿਤੀ ਦੀਆਂ ਤਰੰਗਾਂ ਸੁਣਨਾ ਮਨੁੱਖ ਦੇ ਕੰਨਾਂ ਦੀ ਸਮਰੱਥਾਂ ਤੋ ਬਾਹਰ ਦੀ ਗੱਲ ਹੈ। ਪਰ ਕੁੱਤੇ ਦੇ ਕੰਨ 10 ਹਰਟਜ ਤੱਕ ਵੀ ਤਰੰਗਾਂ ਦੀ ਸੁਣ ਸਕਦੇ ਹਨ। ਭੁਚਾਲਾਂ ਦੀਆਂ ਤਰੰਗਾਂ 15 ਹਰਟਜ ਦੇ ਨਜ਼ਦੀਕ ਆਵ੍ਰਿਤੀ ਦੀਆਂ ਹੁੰਦੀਆਂ ਹਨ। ਇਸ ਲਈ ਇਹ ਕੁੱਤਿਆਂ ਨੂੰ ਸੁਣਾਈ ਦੇ ਜਾਂ-ਦੀਆਂ ਹਨ।

### ਜੁਗਨੂੰ ਕਿਵੇਂ ਤੇ ਕਿਉਂ ਜਗਦੇ ਹਨ?


ਧਰਤੀ ਤੇ ਰਹਿ ਰਹੀਆਂ ਜਾਨਵਰਾਂ ਦੀਆਂ ਲੱਖਾਂ ਕਿਸਮਾਂ ਵਿੱਚੋਂ ਸਿਰਫ ਜੁਗਨੂੰ ਹੀ ਅਜਿਹੇ ਨਹੀਂ ਹਨ ਜਿਹੜੇ ਰੌਸ਼ਨੀ ਪੈਦਾ ਕਰਦੇ ਹਨ। ਮੱਛੀਆਂ ਤੇ ਹੋਰ ਜਾਨਵਰਾਂ ਦੀਆਂ ਅਜਿਹੀਆਂ ਸੈਂਕੜੇ ਕਿਸਮਾਂ ਹਨ ਜਿਹੜੀਆਂ ਰੌਸ਼ਨੀ ਪੈਦਾ ਕਰਦੀਆਂ ਹਨ। ਜੁਗਨੂੰ ਅਜਿਹੀਆਂ ਸੈਂਕੜੇ ਕਿਸਮਾਂ ਹਨ ਜਿਹੜੀਆਂ ਰੌਸ਼ਨੀ ਪੈਦਾ ਕਰਦੀਆਂ ਹਨ। ਜੁਗਨੂੰ ਅਜਿਹਾ ਆਪਣੇ ਸਾਥੀਆਂ ਨੂੰ ਆਪਣੇ ਨੇੜੇ ਸੱਦਣ ਲਈ ਕਰਦਾ ਹੈ। ਲੁਸੀਫਰੀਨ ਤੇ ਲੁਸੀਫਰੇਜ ਨਾਂ ਦੇ ਦੋ ਰਸਾਇਣਕ ਕ੍ਰਿਆ ਪੈਦਾ ਹੁੰਦੀ ਹੈ। ਜਿਸ ਕਾਰਣ ਰੌਸ਼ਨੀ ਹੁੰਦੀ ਹੈ। ਜੁਗਨੂੰ ਵਿੱਚ ਵੀ ਇਹ ਦੋਵੇਂ ਰਸਾਇਣਕ ਪਦਾਰਥ ਹੁੰਦੇ ਹਨ ਜਿੰਨ੍ਹਾਂ ਦੀ ਰਸਾਇਣਕ ਕ੍ਰਿਆ ਕਰਕੇ ਹੀ ਰੌਸ਼ਨੀ ਪੈਦਾ ਹੁੰਦੀ ਹੈ। ਵਿਦਿਆਰਥੀਉ ਉਹ ਦਿਨ ਦੂਰ ਨਹੀਂ ਜਦੋਂ ਜੁਗਨੂੰ ਤੋਂ ਜਾਣਕਾਰੀ ਪ੍ਰਾਪਤ ਕਰਕੇ ਤੁਸੀਂ ਆਪਣੇ ਘਰਾਂ ਦੇ ਗਮਲਿਆਂ ਵਿੱਚ ਇਹ ਦੋਵੇਂ ਰਸਾਇਣਕ ਪਦਾਰਥ ਮਿਲਾਕੇ ਪੌਦਿਆਂ ਨੂੰ ਜਗਣ ਬੁਝਣ ਲਾ ਦਿਆ ਕਰੋਗੇ।

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ)

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਦਿਨ ਐਤਵਾਰ, 22 ਫਰਵਰੀ, 2015 ਨੂੰ 31252 Veasy Street Union City California, 94587 ਵਿਖੇ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



## ਹੋਰ ਜਾਣਕਾਰੀ ਲਈ ਸੰਪਰਕ ਕਰੋ

ਹਰਮੇਸ਼ ਲਾਲ ਮਦਾਰਾ
ਚੇਅਰਮੈਨ
510-386-1702

ਵਿਨੋਦ ਕੁਮਾਰ ਚੁੰਬਰ
ਵਾਈਸ ਚੇਅਰਮੈਨ
510-219-5672

ਮਹਿੰਦਰ ਸਿੰਘ ਮਾਹੀ
ਪ੍ਰਧਾਨ
408-643-9052

ਜਨਰਲ ਸਕੱਤਰ
ਸੰਤੋਖ ਸਿੰਘ ਸਰੋਇਆ
408-509-9697

ਖਜਾਨਚੀ
ਸ਼ਿਵ ਸਿੱਧੂ
510-386-2715

ਰਾਜਿੰਦਰ ਝੰਮਟ
510-600-2136

ਅਜਾਇਬ ਸਿੰਘ
510-676-8970

ਕੇਵਲ ਸਿੰਘ
510-299-6418

ਸੋਹਨ ਲਾਲ
510-552-6107

**Shri Guru Ravidass Sabha (Bay Area) California (USA)**
**31252 Veasy Street Union City California, 94587**




### ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ (ਕੈਲੇਫੋਰਨੀਆ) ਵਿਖੇ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਹਰ ਸਾਲ ਦੀ ਤਰ੍ਹਾਂ ਦਿਨ ਐਤਵਾਰ ਮਾਰਚ 15, 2015 ਨੂੰ ਮਨਾਇਆ ਜਾ ਰਿਹਾ ਹੈ। ਦੇਸ਼-ਵਿਦੇਸ਼ ਵਿਚ ਵੱਸਦੀਆਂ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਣ। ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਹਾਜ਼ਰੀ ਲਵਾ ਕੇ ਸਤਿਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।




**ਆਰੰਭ ਸ੍ਰੀ ਅਖੰਡ ਪਾਠ ਸਾਹਿਬ 13 ਮਾਰਚ 2015, ਸ਼ੁੱਕਰਵਾਰ 10 ਵਜੇ ਸਵੇਰੇ**
**ਕੀਰਤਨ ਦਰਬਾਰ ਸ਼ਨੀਚਰਵਾਰ 14 ਮਾਰਚ 2015, ਸ਼ਾਮ 6 ਵਜੇ ਤੋਂ ਸ਼ਾਮ 9 ਵਜੇ ਤੱਕ**
**ਅਖੰਡ ਪਾਠ ਸਾਹਿਬ ਦੇ ਭੋਗ 15 ਮਾਰਚ 2015 ਸਵੇਰੇ 10 ਵਜੇ ਐਤਵਾਰ**

ਬੇਨਤੀ ਕਰਤਾ: ਕਮੇਟੀ ਮੈਂਬਰ (ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਮੈਂਬਰ)

**Shri Guru Ravidass Temple, 2650 Blaine Ave; Selma (CA.)**
ਹੋਰ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ 559-891-8286) ਤੇ ਸੰਪਰਕ ਕੀਤਾ ਜਾ ਸਕਦਾ ਹੈ

# ਮੋਦੀ ਦੇ ਲਈ ਰਾਜਨੀਤਿਕ ਭੂਚਾਲ ਆਇਆ- ਅਮਰੀਕੀ ਮੀਡੀਆ ਦਾ ਕਹਿਣਾ ਹੈ

ਨਵੀਂ ਦਿੱਲੀ- ਭਾਰਤੀ ਜਨਤਾ ਪਾਰਟੀ ਦੀ ਕਰਾਰੀ ਹਾਰ ਨੂੰ ਵਿਦੇਸ਼ੀ ਮੀਡੀਆ ਨੇ ਮੋਦੀ ਦੇ ਲਈ ਇਕ ਰਾਜਨੀਤਿਕ ਭੂਚਾਲ ਕਿਹਾ ਹੈ। ਨਿਊਯਾਰਕ ਟਾਈਮਜ਼ ਨੇ ਇਸ ਨੂੰ ਨਰਿੰਦਰ ਮੋਦੀ ਦੇ ਲਈ ਇਕ ਵੱਡਾ ਰਾਜਨੀਤਿਕ ਭੂਚਾਲ ਕਰਾਰ ਦਿੱਤਾ ਹੈ। ਅਖਬਾਰ ਦਾ ਕਹਿਣਾ ਹੈ ਕਿ ਜਿੱਥੇ ਨਰਿੰਦਰ ਮੋਦੀ ਨੇ ਆਪਣੇ ਵਿਦੇਸ਼ੀ ਦੌਰਿਆਂ ਵਿਚ ਇਕ ਤੋਂ ਬਾਅਦ ਇਕ ਕਾਮਯਾਬੀ ਹਾਸਲ ਕੀਤੀ ਹੈ, ਉਥੇ ਦੇਸ਼ ਦੀ ਅਰਥ ਵਿਵਸਥਾ ਵਿਚ ਉਹਨਾਂ ਦੇ ਸ਼ਾਸਨ ਵਿਚ ਹਾਲੇ ਤੱਕ ਕੋਈ ਖਾਸ ਸੁਧਾਰ ਨਜ਼ਰ ਨਹੀਂ ਆਇਆ ਹੈ।

ਅਖਬਾਰ ਦਾ ਕਹਿਣਾ ਹੇ ਕਿ ਭਾਰਤ ਵਿਚ ਹਰ ਸਾਲ ਇਕ ਕਰੋੜ 20 ਲੱਖ ਲੋਕ ਰੁਜ਼ਗਾਰ ਪ੍ਰਾਪਤ ਕਰਨ ਦੀ ਦੌੜ ਵਿਚ ਸ਼ਾਮਲ ਹੋ ਰਹੇ ਹਨ ਪਰ ਮੋਦੀ ਸਰਕਾਰ ਉਹਨਾਂ ਦੇ ਲਈ ਗਿਣਵੀਆਂ-ਚੁਣਵੀਆਂ ਨੌਕਰੀਆਂ ਹੀ ਪੈਦਾ ਕਰ ਪਾਈ ਹੈ। ਇਸ ਤੋਂ ਇਲਾਵਾ ਅਰਵਿੰਦ ਕੇਜਰੀਵਾਲ ਦੇ ਭ੍ਰਿਸ਼ਟਾਚਾਰ ਵਿਰੋਧੀ ਸੰਦੇਸ਼ ਨੇ ਨੌਜਵਾਨ ਤਬਕੇ ਨੂੰ ਆਪਣੇ ਵੱਲ ਖਿੱਚਿਆ ਹੈ।

ਨਾਲ ਹੀ ਜਿਸ ਨਰਿੰਦਰ ਮੋਦੀ ਨੇ 9 ਮਹੀਨੇ ਪਹਿਲਾਂ ਚਾਹ ਵਾਲੇ ਦਾ ਅਕਸ ਜਨਤਾ ਦੇ ਸਾਹਮਦੇ ਰੱਖ ਕੇ ਜਿੱਤ ਹਾਸਲ ਕੀਤੀ ਸੀ, ਉਥੇ ਮੋਦੀ ਹੁਣ 10 ਲੱਖ ਰੁਪਏ ਤੋਂ ਜ਼ਿਆਦਾ ਕੀਮਤ ਵਾਲਾ ਸੂਟ ਪਾਈ ਨਜ਼ਰ ਆਉਂਦੇ ਹਨ, ਜਦਕਿ ਕੇਜਰੀਵਾਲ ਮਫਲਰ ਮੈਨ ਦੇ ਨਾਂ ਨਾਲ ਜਾਣੇ ਜਾਂਦੇ ਹਨ ਜੋ ਅਕਸ ਆਮ ਆਦਮੀ ਦੇ ਜ਼ਿਆਦਾ ਕਰੀਬ ਨਜ਼ਰ ਆਉਂਦਾ ਹੈ।

ਵਾਸ਼ਿੰਗਟਨ ਪੋਸਟ ਨੇ ਵੀ ਕੁਝ ਇਸੇ ਤਰਜ਼ ਤੇ ਲਿਖਿਆ ਹੈ ਕਿ ਜਿੱਥੇ ਮੋਦੀ ਆਪਣੇ ਹੈਲੀਕਾਪਟਰ ਵਿਚ ਬੈਠ ਕੇ ਵੱਡੀਆਂ ਵੱਡੀਆਂ ਚੋਣ ਸਭਾਵਾਂ ਵਿਚ ਪਹੁੰਚ ਕੇ ਭਾਸ਼ਣ ਦੇ ਰਹੇ ਸਨ, ਉਥੇ ਕੇਜਰੀਵਾਲ ਗੁਲੀਆਂ-ਕਸਬਿਆਂ ਵਿਚ ਛੋਟੀਆਂ ਛੋਟੀਆਂ ਸਭਾਵਾਂ ਵਿਚ ਸਥਾਨਕ ਮੁੱਦਿਆਂ ਤੇ ਗੱਲ ਕਰ ਰਹੇ ਸਨ।



ਚੋਣਾਂ ਤੋਂ ਠੀਕ ਪਹਿਲਾਂ ਜਿੱਥੇ ਮੋਦੀ ਮਹਿੰਗੇ-ਮਹਿੰਗੇ ਸੂਟ ਪਾ ਕੇ ਓਬਾਮਾ ਦੇ ਨਾਲ ਚੌਵੀ ਘੰਟੇ ਮੀਡੀਆ ਦੀ ਨਜ਼ਰ ਵਿਚ ਸਨ, ਉਥੇ ਕੇਜਰੀਵਾਲ ਝੁੱਗੀਆਂ-ਝੌਂਪੜੀਆਂ ਵਿਚ, ਤੰਗ ਗਲੀਆਂ ਵਿਚ ਆਪਣੇ ਸਿਰ ਤੇ ਮਫਲਰ ਲਪੇਟ ਕੇ ਆਮ ਲੋਕਾਂ ਨਾਲ ਰਿਸ਼ਤਾ ਬਣਾਉਣ ਵਿਚ ਜੁਟੇ ਸਨ। ਅਖਬਾਰ ਦਾ ਕਹਿਣਾ ਹੇ ਕਿ ਇਸ ਚੋਣ ਨੂੰ ਕਾਫੀ ਹੱਦ ਤੱਕ ਮੋਦੀ ਦੇ ਰਾਜਨੀਤਿਕ ਦਬਦਬਦੇ ਦੇ ਇਮਤਿਹਾਨ ਵਾਂਗ ਦੇਖਿਆ ਜਾ ਰਿਹਾ ਸੀ ਪਰ ਇਕ ਛੋਟੀ ਜਿਹੀ ਪਾਰਟੀ ਨੇ ਉਹਨਾਂ ਨੂੰ ਕਰਾਰੀ ਮਾਤ ਦਿੱਤੀ ਹੈ।

ਵਾਲ ਸਟ੍ਰੀਟ ਜਨਰਲ ਦਾ ਕਹਿਣਾ ਹੇ ਕਿ ਇਕ ਭ੍ਰਿਸ਼ਟਾਚਾਰ ਵਿਰੋਧੀ ਪਾਰਟੀ ਦੇ ਹੱਥੋਂ ਮੋਦੀ ਨੂੰ ਕਰਾਰੀ ਰਾਜਨੀਤਿਕ ਸ਼ਰਮਿੰਦਗੀ ਸਹਿਣ ਕਰਨੀ ਪਈ ਹੈ। ਅਖਬਾਰ ਦਾ ਕਹਿਣਾ ਹੇ ਕਿ ਕੇਜਰੀਵਾਲ ਹੁਣ ਤੱਕ ਇਕ ਅਹਿਮ ਰਾਜਨੀਤਿਕ ਮੰਚ ਤੇ ਹੈ ਅਤੇ ਦੋਵੇਂ ਹੀ ਲੀਡਰ ਭ੍ਰਿਸ਼ਟਾਚਾਰ ਦੇ ਖਿਲਾਫ ਮੰਨੇ ਜਾਂਦੇ ਹਨ ਪਰ ਦੋਵਾਂ ਦੀ ਰਾਜਨੀਤਿਕ ਸ਼ੈਲੀ ਇੰਨੀ ਅਲੱਗ ਹੈ ਕਿ ਆਉਣ ਵਾਲੇ ਦਿਨਾਂ ਵਿਚ ਦੋਵਾਂ ਵਿਚ ਕਾਫੀ ਟਕਰਾਅ ਨਜ਼ਰ ਆ ਸਕਦਾ ਹੈ।

ਅਖਬਾਰ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਦੀ ਇਸ ਜਿੱਤ ਦੀ ਬਦੌਲਤ ਆਉਣ ਵਾਲੇ ਦਿਨਾਂ ਵਿਚ ਕੇਜਰੀਵਾਲ, ਮੋਦੀ ਦੀਆਂ ਆਰਥਿਕ ਨੀਤੀਆਂ ਅਤੇ ਕੱਟੜਪੰਥੀ ਰੁਝਾਨ ਵਾਲੀ ਪਾਰਟੀ ਦੇ ਖਿਲਾਫ ਇਕ ਗੱਠਜੋੜ ਖੜ੍ਹਾ ਕਰਨ ਦੀ ਹੈਸੀਅਤ ਰੱਖਦੇ ਹਨ।

ਇਸ ਤੋਂ ਇਲਾਵਾ ਜਨਤਾ ਨੇ ਕੇਜਰੀਵਾਲ ਵਿਚ ਉਹੀ ਵਿਸ਼ਵਾਸ ਦਿਖਾਇਆ ਹੈ, ਜੋ ਲੋਕ ਸਭਾ ਚੋਣਾਂ 'ਵਚ ਉਹਨਾਂ ਨੇ ਮੋਦੀ ਵਿਚ ਦਿਖਾਇਆ ਸੀ। ਅਮਰੀਕੀ ਮੀਡੀਆ ਵਿਚ ਹਾਲ ਦੇ ਦਿਨਾਂ ਵਿਚ ਭਾਰਤ ਵਿਚ ਘੱਟ ਗਿਣਤੀ ਭਾਈਚਾਰਿਆਂ ਦੇ ਖਿਲਾਫ ਹੋਏ ਹਮਲਿਆਂ ਦਾ ਵੀ ਕਾਫੀ ਜ਼ਿਕਰ ਕੀਤਾ ਹੈ। ਨਿਊਯਾਰਕ ਟਾਈਮਜ਼ ਨੇ ਤਾਂ ਇਸ ਤੇ ਕਾਫੀ ਸਖਤ ਸੰਪਾਦਕੀ ਵੀ ਲਿਖੀ ਸੀ।

ਵਾਲ ਸਟ੍ਰੀਟ ਜਨਰਲ ਨੇ ਲਿਖਿਆ ਹੈ ਕਿ ਲੋਕ ਸਭਾ ਵਿਚ ਭਾਜਪਾ ਨੂੰ ਮਿਲੀ ਭਾਰੀ ਜਿੱਤ ਤੋਂ ਬਾਅਦ ਹਿੰਦੂਵਾਦੀ ਤਾਕਤਾਂ ਨੇ ਹਮਲਾਵਰ ਰੁਖ ਅਪਣਾਇਆ, ਖਾਸ ਤੌਰ ਤੇ ਮੁਸਲਮਾਨਾਂ ਦੇ ਖਿਲਾਫ ਅਤੇ ਸੰਭਵ ਹੈ ਕਿ ਇਹ ਦਿੱਲੀ ਵਿਚ ਭਾਜਪਾ ਦੇ ਖਿਲਾਫ ਰਿਹਾ ਹੈ।

ਲਾਸ ਏਂਜਲਸ ਟਾਈਮਜ਼ ਨੇ ਵੀ ਦਿੱਲੀ ਵਿਚ ਚਰਚਾਂ ਤੇ ਹਮਲੇ ਅਤੇ ਤ੍ਰਿਲੋਕਪੁਰੀ ਵਿਚ ਹੋਏ ਦੰਗਿਆ ਦਾ ਜ਼ਿਕਰ ਕੀਤਾ ਹੈ ਅਤੇ ਲਿਖਿਆ ਹੈ ਕਿ ਸ਼ਾਇਦ ਵੋਟਰ ਹਿੰਦੂ ਕੱਟੜਪੰਥੀਆਂ ਦੀ ਵਧਦੀ ਤਾਕਤ ਤੋਂ ਘਬਰਾ ਗਏ ਹਨ।

ਅਖਬਾਰ ਨੇ ਆਮ ਆਦਮੀ ਪਾਰਟੀ ਦੇ ਸਮਰਥਕਾਂ ਦੀ ਇਕ ਵੱਡੀ ਸਾਰੀ ਤਸਵੀਰ ਵੀ ਪ੍ਰਕਾਸ਼ਿਤ ਕੀਤੀ ਹੈ ਅਤੇ ਲਿਖਿਆ ਹੈ, ਜ਼ਾਹਿਰ ਹੈ ਕਿ 9 ਮਹੀਨੇ ਵਿਚ ਮੋਦੀ ਨੇ ਜੋ ਆਰਥਿਕ ਮੰਤਰ ਸਾਹਮਣੇ ਰੱਖਿਆ ਹੈ ਉਹ ਦਿੱਲੀ ਦੀ ਜਨਤਾ ਨੂੰ ਮੁਗਧ ਨਹੀਂ ਕਰ ਸਕਿਆ।

# ਬੰਦੀ ਸਿੰਘਾਂ ਦੀ ਰਿਹਾਈ ਲਈ ਭੁੱਖ ਹੜਤਾਲ ਤੇ ਬੈਠੇ ਭਾਈ ਵਿਕਰਮ ਸਿੰਘ ਧਨੋਲਾ ਦੀ ਹਾਲਾਤ ਵਿਗੜੀ

ਨਵੀਂ ਦਿੱਲੀ- ਦਿੱਲੀ ਦੇ ਜੰਤਰ ਮੰਤਰ ਤੇ1984 ਵਿਚ ਦਿੱਲੀ ਅਤੇ ਹੋਰ ਸ਼ਹਿਰਾਂ ਵਿਖੇ ਹੋਏ ਸਿੱਖ ਕਤਲੇਆਮ ਵਿਚ ਮਾਰੇ ਗਏ ਸਿੱਖ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਲਈ ਪਿਛਲੇ 64 ਦਿਨਾਂ ਤੋਂ ਭੁੱਖ ਹੜਤਾਲ ਤੇ ਬੈਠੇ ਭਾਈ ਵਿਕਰਮ ਸਿੰਘ ਧਨੋਲਾ ਦੀ ਹਾਲਾਤ ਅਜ ਬਹੁਤ ਹੀ ਨਾਜੁਕ ਹੋ ਗਈ ਹੈ। ਜਿਕਰਯੋਗ ਹੈ ਕਿ ਭਾਈ ਵਿਕਰਮ ਸਿੰਘ ਧਨੋਲਾ ਸਹਿਜਧਾਰੀ ਪਰਿਵਾਰ ਤੋਂ ਸਿੰਘ ਸਜੇ ਹਨ ਤੇ ਉਨ੍ਹਾਂ ਅੰਦਰ ਪੰਥ ਲਈ ਕੁਝ ਕਰਨ ਦਾ ਚਾਹ ਪੈਦਾ ਹੋਇਆ ਸੀ ਤੇ ਉਨ੍ਹਾਂ ਨੇ ਅਪਣੇ ਪਰਿਵਾਰਿਕ ਮੈਂਬਰਾਂ ਅਤੇ ਮਿਤਰਾਂ ਦੀ ਸਲਾਹ ਨਾਲ ਦਿੱਲੀ ਦੇ ਜੰਤਰ ਮੰਤਰ ਤੇ ਸਿੱਖ ਪੰਥ ਦੀ ਆਵਾਜ ਨੂੰ ਸਰਕਾਰ ਤਕ ਪਹੁੰਚਾਣ ਲਈ ਪਿਛਲੇ64 ਦਿਨਾਂ ਤੋਂ ਮੋਰਚਾ ਲਾਇਆ ਹੋਇਆ ਹੈ। ਧਿਆਨਦੇਣ ਯੋਗ ਹੈ ਕਿ ਭਾਈ ਵਿਕਰਮ ਸਿੰਘ ਨੂੰ ਪਿਛਲੇ ਹਫਤੇ ਦਿੱਲੀ ਪੁਲਿਸ ਨੇ ਜਬਰਦਸਤੀ ਚੁਕ ਕੇ ਰਾਮਮਨੋਹਰ ਲੋਹੀਆ ਹਸਪਤਾਲ ਵਿਖੇ ਦਾਖਿਲ ਕਰਵਾ ਕੇ ਗੁਲੂਕੋਜ਼ ਲਗਾਉਣ ਦੀ ਕੋਸ਼ੀਸ਼ ਕੀਤੀ ਸੀ ਪਰ ਇੰਸਾਫ ਲੈਣ ਲਈ ਰੁਲ ਰਹੇ ਸਿੱਖ ਪਰਿਵਾਰਾਂ ਦੀ ਆਵਾਜ ਬਣ ਕੇ ਪੰਥਕ ਜ਼ਜਬੇ ਨਾਲ ਭਰਪੂਰ ਭਾਈ ਵਿਕਰਮ ਸਿੰਘ ਧਨੋਲਾ ਨੇ ਗੁਲੂਕੋਜ਼ ਲਗਵਾਉਣ ਤੋਂ ਸਾਫ ਨਾ ਹੀ ਨਹੀ ਕਰ ਦਿਤੀ ਸਗੋਂ ਮੋਕਾ ਮਿਲਦੇ ਹੀ ਹਸਪਤਾਲ ਛੱਡ ਕੇ ਮੁੜ ਜੰਤਰ ਮੰਤਰ ਤੇ ਅਪਣੇ ਲਗੇ ਮੋਰਚੇ ਵਿਚ ਦ੍ਰਿੜਤਾ ਨਾਲ ਜੂਝ ਰਹੇ ਹਨ ਤੇ ਅਜ ਉਨ੍ਹਾਂ ਦੀ ਹਾਲਾਤ ਬਹੁਤ ਜਿਆਦਾ ਖਰਾਬ ਹੋ ਗਈ ਹੈ।



ਉਨ੍ਹਾਂ ਦੀਆਂ ਮੰਗਾ ਇਸ ਤਰ੍ਹਾਂ ਹਨ: 1984 ਵਿਚ ਮਾਰੇ ਸਿੱਖ ਪਰਿਵਾਰਾਂ ਦੀਅ ਲਾਸ਼ਾ ਕਿੱਥੇ ਗਈਆ । ਉਨ੍ਹਾਂ ਦਾ ਅਤਿੰਮ ਸੰਸਕਾਰ ਕਿੱਥੇ ਅਤੇ ਕਿਸਨੇ ਕੀਤਾ। ਉਨ੍ਹਾਂ ਲਾਸ਼ਾ ਦਾ ਪੋਸਟਮਾਰਟਮ ਕਿੱਥੇ ਅਤੇ ਕਿਹੜੇ ਡਾਕਟਰ ਤੋਂ ਕਰਵਾਇਆ ਗਿਆ । ਕਦੇ ਵੀ ਬੰਦ ਨਾ ਹੋਣ ਵਾਲੀ ਸੁਪਰੀਮ ਕੋਰਟ 31 ਅਕਤੂਬਰ 1984 ਤੋਂ 4 ਨਵੰਬਰ 1984 ਤਕ ਕਿਉਂ ਬੰਦ ਰਹੀ ਤੇ ਉਸ ਉਪਰੰਤ ਸੁਪਰੀਮ ਕੋਰਟ ਨੇ ਦੋਸ਼ੀਆਂ ਨੂੰ ਸਜਾਵਾਂ ਦੇਣ ਲਈ ਕਿਸੇ ਕਿਸਮ ਦੀ ਕਾਰਵਾਈ ਕਿਉਂ ਨਹੀ ਕੀਤੀ। ਸਿੱਖਾਂ ਨੂੰ ਇਨਸਾਫ ਦਿਵਾਉਣ ਦੇ ਨਾਂ ਤੇ ਅਜ ਤਕ ਬਣੇ 18 ਕਮੀਸ਼ਨਾਂ ਅਤੇ ਹੁਣ ਤਕ ਹੋਏ 1970 ਧਰਨੇਆਂ ਬਾਰੇ ਸਰਕਾਰ ਚੁੱਪ ਕਿਉਂ ਹੈ।

ਭਾਈ ਵਿਕਰਮ ਸਿੰਘ ਦੇ ਨਾਲ ਉਨ੍ਹਾਂ ਦੀ ਧਰਮਪਤਨੀ ਬੀਬੀ ਨਿਸ਼ਾ ਕੌਰ, ਭਾਈ ਮਹਿੰਦਰਪਾਲ ਸਿੰਘ ਦਾਨਗੜ੍ਹ, ਬੀਬੀ ਨਰੇਸ਼ ਕੁਮਾਰੀ ਬਾਵਾ ਵਕੀਲ ਅਤੇ ਹੋਰਸ ਜੱਣ ਮਿੱਤਰ ਮੋਰਚੇ ਤੇ ਸਹਿਯੋਗ ਦੇ ਰਹੇ ਹਨ ਤੇ ਅਜ ਭਾਈ ਦਇਆ ਸਿੰਘ ਲਾਹੋਰੀਆਂ ਦੀ ਧਰਮਪਤਨੀ ਬੀਬੀ ਕਮਲਜੀਤਕੌਰਨੇ ਉਚੇਚੇ ਤੋਰ ਤੇ ਪੁਜ ਕੇ ਭਾਈ ਸਾਹਿਬ ਦੀ ਹੌਸਲਾ ਅਫਜਾਈ ਕੀਤੀ ਹੈ।


# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

**ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)**

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



**Call For Special Price**

Kashmir S. Thandi
Office: (866) 933-3038

Balhar S. Ranu
Cell: 916-502-7733




Yuba City Ph: 530-419-5058

1816 Main Ave.,
Secramento CA, 95838


# 'ਮੁਕੰਦ ਮੁਕੰਦ ਜਪੋ ਸੰਸਾਰ' ਸੀ ਡੀ ਰਿਲੀਜ਼

ਹੁਸ਼ਿਆਰਪੁਰ (ਸ਼ਿਵ ਕੁਮਾਰ ਬਾਵਾ) ਉੱਘੇ ਸਮਾਜ ਸੇਵਕ ਅਤੇ ਪੰਥਕ ਆਗੂ ਸੇਵਾਦਾਰ ਆਰ ਕੇ ਮਹਿਮੀ ਯੂ ਕੇ (ਗੋਲਡ ਮੈਡਲ ਲਿਸਟ) ਵਲੋਂ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ, ਸਤਿਗੁਰੂ ਹਰੀ ਦਾਸ ਜੀ ਮਹਾਰਾਜ, ਸਤਿਗੁਰੂ ਗਰੀਬ ਦਾਸ ਜੀ ਮਹਾਰਾਜ ਦੀ ਪਵਿੱਤਰ ਯਾਦ ਵਿਚ ਰਵਿਦਾਸੀਆ ਕੌਮ ਨੂੰ ਸਮਰਪਿਤ ਕਰਦਿਆਂ ਧਾਰਮਿਕ ਐਲਬਮ 'ਮੁਕੰਦ ਮੁਕੰਦ ਜਪੋ ਸੰਸਾਰ' ਕਠਾਰ ਸਮਾਗਮ ਵਿਚ ਵੱਖ-ਵੱਖ ਮਹਾਪੁਰਸ਼ਾਂ ਸੰਤ ਸੁਰਿੰਦਰ ਦਾਸ ਕਠਾਰ, ਸੰਤ ਗੁਰਬਚਨ ਦਾਸ ਚੱਕ ਲਾਦੀਆਂ, ਸੰਤ ਗੁਰਦੀਪ ਗਿਰੀ ਪਠਾਨਕੋਟ, ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਪੰਜਾਬ, ਤੇਜ ਰਾਮ ਬਾਘਾ ਮੇਅਰ ਇੰਗਲੈਂਡ, ਗਿ. ਹਰਪਾਲ ਸਿੰਘ, ਸੰਤ ਗੁਰਪਾਲ ਦਾਸ ਵਲੋਂ ਰਿਲੀਜ਼ ਕੀਤੀ। ਇਸ ਸਬੰਧੀ ਆਰ ਕੇ ਮਹਿਮੀ ਨੇ ਦੱਸਿਆ ਕਿ ਇਸ ਸੀ ਡੀ ਵਿਚ ਗੁਰੂ ਰਵਿਦਾਸ ਮਹਾਰਾਜ ਦੇ ਸੱਤ ਸ਼ਬਦਾਂ ਨੂੰ ਰਾਮ ਸਰੂਪ ਜੱਸਲ ਨੇ ਆਪਣੀ ਅਵਾਜ਼ ਨਾਲ ਸ਼ਿੰਗਾਰਿਆ ਹੈ। ਉਕਤ ਸੀ ਡੀ ਵਿਸ਼ਵ ਭਰ ਵਿਚ ਰਿਲੀਜ਼ ਕੀਤੀ ਜਾ ਚੁੱਕੀ ਹੈ।



# ਸਰਕਾਰੀ ਹਾਈ ਸਕੂਲ ਨਸਰਾਲਾ ਦੀਆਂ ਵਿਦਿਆਰਥਣਾਂ ਨੂੰ ਦਿੱਤੀ ਜਾ ਰਹੀ ਕਰਾਟੇ ਕੋਚਿੰਗ

ਬੱਚੀਆਂ ਨੂੰ ਸਮੇਂ ਦੀਆਂ ਹਾਣੀ ਬਣਾਉਣ ਲਈ ਸਰਕਾਰੀ ਹਦਾਇਤਾਂ ਤਹਿਤ ਸਰਕਾਰੀ ਹਾਈ ਸਕੂਲ ਨਸਰਾਲਾ ਦੀਆਂ ਵਿਦਿਆਰਥਣਾਂ ਨੂੰ ਕਰਾਟਿਆਂ ਦੀ ਕੋਚਿੰਗ ਦਿੱਤੀ ਜਾ ਰਹੀ ਹੈ। ਸਕੂਲ ਦੀ ਮੁਖ ਅਧਿਆਪਕਾ ਸ਼੍ਰੀ ਮਤੀ ਸੁਰਿੰਦਰ ਕੁਮਾਰੀ ਨੇ ਦੱਸਿਆ ਕਿ ਇਹ ਟ੍ਰੇਨਿੰਗ ਨੌਵੀਂ ਅਤੇ ਦਸਵੀਂ ਜਮਾਤ ਦੀਆਂ ਵਿਦਿਆਰਥਣਾਂ ਨੂੰ ਦਿੱਤੀ ਜਾ ਰਹੀ ਹੈ। ਕਰਾਟੇ ਕੋਚ ਇੱਕ ਮਹੀਨੇ ਲਈ ਇਹਨਾਂ ਬੱਚੀਆਂ ਨੂੰ ਟ੍ਰੇਨਿੰਗ ਦੇਵੇਗਾ।ਇਹ ਟ੍ਰੇਨਿੰਗ ਬੱਚੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਬਹੁਤ ਹੀ ਜਰੂਰੀ ਹੈ।



ਸਕੂਲ ਦੇ ਅਧਿਆਪਕ ਡਾ. ਜਸਵੰਤ ਰਾਏ ਹੁਰਾਂ ਨੇ ਦੱਸਿਆ ਕਿ ਅੱਜ ਦੇ ਯੁਗ ਵਿਚ ਕੁੜੀਆਂ ਕਿਸੇ ਵੀ ਤਰ੍ਹਾਂ ਮੁੰਡਿਆਂ ਤੋਂ ਪਿੱਛੇ ਨਹੀਂ ਹਨ। ਇਸ ਤਰ੍ਹਾਂ ਦੀ ਸਿਖਿਆ ਪ੍ਰਾਪਤ ਕਰਕੇ ਲੜਕੀਆਂ ਰਾਹ ਗ਼ਲੀ ਜਾਂਦਿਆਂ ਕਿਸੇ ਵੀ ਅਸਮਾਜਿਕ ਅਨਸਰ ਦਾ ਮੂੰਹ ਤੋੜ ਜਵਾਬ ਦੇ ਸਕਦੀਆਂ ਹਨ ਜੇਕਰ ਉਹਨਾਂ ਨਾਲ ਕੋਈ ਬੁਰਾ ਵਿਵਹਾਰ ਕਰਨ ਦੀ ਕੋਸ਼ਿਸ਼ ਕਰੇ ਤਾਂ। ਉਹਨਾਂ ਨੇ ਦੱਸਿਆ ਕਿ ਇਸ ਟ੍ਰੇਨਿੰਗ ਦੌਰਾਨ ਵਧੀਆ ਸਿਖਿਆ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਇਸ ਸਮੇਂ ਸਕੂਲ ਵਿਦਿਆਰਥਣਾਂ ਤੋਂ ਇਲਾਵਾ ਮੈਡਮ ਰਾਜਪਾਲ ਕੌਰ, ਗੁਰਦਰਸ਼ਨ ਕੌਰ,ਅੰਜੂ ਬਾਲਾ, ਜਗਦੀਪ ਕੌਰ, ਪਰਵਿੰਦਰ ਕੌਰ,ਵਨੀਤਾ ਰਾਣੀ, ਅਮਨਪ੍ਰੀਤ ਰਾਜੂ, ਸੋਨੀਆ, ਗੁਰਵਿੰਦਰ ਕੌਰ, ਰਜਵਿੰਦਰ ਕੌਰ, ਵੀਨਾ ਕੁਮਾਰੀ, ਮੰਜੂ ਅਰੋੜਾ, ਪ੍ਰਵੀਨ, ਸੰਤੋਸ਼, ਡੌਲੀ ਸੁਮਨ, ਜਸਪ੍ਰੀਤ ਕੌਰ, ਰਵਿੰਦਰ ਕੁਮਾਰ, ਬਲਜੀਤ ਸਿੰਘ,ਕੁਲਦੀਪ ਕੁਮਾਰ, ਰਵਿੰਦਰ ਕੁਮਾਰ, ਵਿਸ਼ਾਲ, ਮਨਿੰਦਰ ਸਿੰਘ, ਸੁਰੇਸ਼ ਕੁਮਾਰ, ਅਨਿਲ ਕੁਮਾਰ, ਰੋਹਿਤ ਰਾਂਗੜਾ, ਹਰਪ੍ਰੀਤ ਸਿੰਘ,ਸੰਜੀਵ ਕੁਮਾਰ ਆਦਿ ਸ਼ਾਮਿਲ ਸਨ।

**- ਰਿਪੋਰਟ: ਡਾ. ਜਸਵੰਤ ਰਾਏ**

# ਪਿੰਡਾਂ ਵਿਚ ਪੂਰਨ ਤੌਰ 'ਤੇ ਸ਼ਰਾਬ ਦੇ ਠੇਕੇ ਬੰਦ ਕੀਤੇ ਜਾਣ - ਬਸਪਾ

## ਅਕਾਲੀ ਭਾਜਪਾ ਸਰਕਾਰੀ ਤੌਰ 'ਤੇ ਨਸ਼ਾਖੋਰੀ ਨੂੰ ਦੇ ਰਹੇ ਹਨ ਬੜ੍ਹਾਵਾ

ਫਗਵਾੜਾ (ਬੀ.ਕੇ.ਰੱਤੂ)- ਬਹੁਜਨ ਸਮਾਜ ਪਾਰਟੀ (ਬਸਪਾ) ਦੇ ਰਾਸ਼ਟਰੀ ਜਨਰਲ ਸਕੱਤਰ, ਮੈਂਬਰ ਰਾਜਸਭਾ ਤੇ ਪੰਜਾਬ ਇੰਚਾਰਜ ਸ੍ਰੀ ਨਰਿੰਦਰ ਕਸ਼ਯਪ ਤੇ ਸੂਬਾ ਪ੍ਰਧਾਨ ਸ. ਅਵਤਾਰ ਸਿੰਘ ਨੇ ਇੱਥੋਂ ਜਾਰੀ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਸੂਬੇ ਵਿਚ ਨਸ਼ੇ ਦੇ ਖਾਤਮੇ ਲਈ ਪਿੰਡਾਂ ਵਿਚ ਖੋਲੇ ਗਏ ਸ਼ਰਾਬ ਦਾ ਸਾਰੇ ਠੇਕਿਆਂ ਨੂੰ ਬੰਦ ਕੀਤਾ ਜਾਵੇ। ਬਸਪਾ ਨੇਤਾਵਾਂ ਨੇ ਕਿਹਾ ਕਿ ਜੇਕਰ ਸਰਕਾਰ ਨਸ਼ੇ ਦੇ ਖਾਤਮੇ ਲਈ ਗੰਭੀਰ ਹੈ ਤਾਂ ਸੂਬੇ ਦੀ ਆਗਾਮੀ ਐਕਸਾਈਜ ਨੀਤੀ ਵਿਚ ਇਸ ਗੱਲ ਨੂੰ ਲਾਗੂ ਕਰੇ। ਸ੍ਰੀ ਕਸ਼ਯਪ ਤੇ ਸ. ਕਰੀਮਪੁਰੀ ਨੇ ਕਿਹਾ ਕਿ ਪੰਜਾਬ ਵਿਚ ਤੰਬਾਕੂ 'ਤੇ ਪਾਬੰਦੀ ਲਗਾਉਣ ਦੀ ਗੱਲ ਕਰਕੇ ਸਰਕਾਰ ਵਾਹ ਵਾਹੀ ਖੱਟਣ ਵਿਚ ਲੱਗੀ ਹੋਈ ਹੈ, ਜਦਕਿ ਦੂਜੇ ਪਾਸੇ ਲੋਕਾਂ ਵਿਚ ਧੜੱਲੇ ਨਾਲ ਸ਼ਰਾਬ ਵੇਚੀ ਜਾ ਰਹੀ ਹੈ ਤੇ ਨੌਜਵਾਨ ਪੀੜੀ ਨੂੰ ਨਸ਼ਾਖੋਰੀ ਵੱਲ ਧੱਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਤੰਬਾਕੂ ਦੇ ਖੁੱਲੇ ਸੇਵਨ 'ਤੇ ਪਾਬੰਦੀ ਲਗਾਈ ਜਾ ਰਹੀ ਹੈ, ਜਦਕਿ ਸੂਬੇ ਵਿਚ ਜਗ੍ਹਾ ਜਗ੍ਹਾ ਸ਼ਰਾਬ ਦਾ ਸੇਵਨ ਖੁੱਲ ਤੌਰ 'ਤੇ ਕਰਵਾਇਆ ਜਾ ਰਿਹਾ ਹੈ। ਇਸ ਤੋਂ ਸਾਫ ਹੁੰਦਾ ਹੈ ਕਿ ਸਰਕਾਰ ਸਿਰਫ ਦਿਖਾਵੇ ਦੇ ਤੌਰ 'ਤੇ ਸੂਬੇ ਵਿਚੋਂ ਨਸ਼ੇ ਦੇ ਖਾਤਮੇ ਦੀ ਗੱਲ ਕਰ ਰਹੀ ਹੈ ਜਦਕਿ ਅਸਲ ਵਿਚ ਸਰਕਾਰੀ ਪੱਧਰ 'ਤੇ ਹਰ ਸਾਲ ਪਿੰਡਾਂ ਵਿਚ ਨਵੇਂ ਠੇਕੇ ਖੋਲ ਕੇ ਨਸ਼ਿਆਂ ਨੂੰ ਬੜ੍ਹਾਵਾ ਦਿੱਤਾ ਜਾ ਰਿਹਾ ਹੈ। ਇਨ੍ਹਾਂ ਨੇਤਾਵਾਂ ਨੇ ਇਹ ਵੀ ਕਿਹਾ ਕਿ ਅਕਾਲੀ ਦਲ



ਬਾਰਡਰ 'ਤੇ ਨਸ਼ਿਆਂ ਖਿਲਾਫ ਧਰਨਾ ਦਿੰਦਾ ਹੈ ਤੇ ਕਹਿੰਦਾ ਹੈ ਕਿ ਸੂਬੇ ਵਿਚ ਨਸ਼ੇ ਬਾਰਡਰ ਪਾਰ ਤੋਂ ਆ ਰਹੇ ਹਨ, ਪਰ ਉਹ ਇਹ ਦੱਸੇ ਕਿ ਕੀ ਸ਼ਰਾਬ ਤੇ ਸਿੰਥੇਟਿਕ ਡਰੱਗ ਵੀ ਸੂਬੇ ਪਾਰ ਤੋਂ ਆ ਰਹੇ ਹਨ। ਬਸਪਾ ਨੇਤਾਵਾਂ ਨੇ ਕਿਹਾ ਕਿ ਅਕਾਲੀ ਦਲ ਤੇ ਭਾਜਪਾ ਨਸ਼ੇ ਰੋਕਣ ਦੀ ਬਜਾਏ ਇਸਦੇ ਨਾਂ 'ਤੇ ਸਿਰਫ ਰਾਜਨੀਤੀ ਕਰ ਰਹੇ ਹਨ, ਜਦਕਿ ਬਸਪਾ ਇਸ ਦੇ ਖਿਲਾਫ ਸੂਬੇ ਵਿਚ ਪੰਜਾਬ ਬਚਾਓ ਮੁਹਿੰਮ ਚਲਾ ਰਹੀ ਹੈ।

ਬਸਪਾ ਨੇਤਾਵਾਂ ਨੇ ਕਿਹਾ ਕਿ ਲੋਕ ਬਸਪਾ ਦੀ ਨਸ਼ਾ ਵਿਰੋਧੀ ਮੁਹਿੰਮ ਨਾਲ ਜੁੜਨ ਤਾਂ ਕਿ ਸੂਬੇ ਵਿਚੋਂ ਨਸ਼ੇ ਦਾ ਖਾਤਮਾ ਕੀਤਾ ਜਾ ਸਕੇ। ਨੌਜਵਾਨ ਪੀੜੀ ਨੂੰ ਬਚਾਇਆ ਜਾ ਸਕੇ। ਬਸਪਾ ਨੇਤਾਵਾਂ ਨੇ ਇਹ ਵੀ ਕਿਹਾ ਬਹੁਕਰੋੜੀ ਡਰੱਗ ਰੈਕੇਟ ਦੇ ਮਾਮਲੇ ਦੀ ਜਾਂਚ ਸੁਪਰੀਮ ਕੋਰਟ ਜਾਂ ਹਾਈਕੋਰਟ ਦੇ ਸਿਟਿੰਗ ਜੱਜ ਦੀ ਨਿਗਰਾਨੀ ਹੇਠ ਕੀਤੀ ਜਾਵੇ ਤਾਂ ਕਿ ਇਹ ਜਾਂਚ ਕਿਸੀ ਵੀ ਕਾਰਣ ਪ੍ਰਭਾਵਿਤ ਨਾ ਹੋ ਸਕੇ।

# ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਸਮਰਪਿਤ ਲੱਖਪੁਰ ਵਿਖੇ ਵਿਸ਼ਾਲ ਨਗਰ ਕੀਰਤਨ ਸਜਾਏ

ਫਗਵਾੜਾ 8 ਫਰਵਰੀ (ਬੀ.ਕੇ.ਰੱਤੂ)- ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੰਡ ਲੱਖਪੁਰ ਵਲੋਂ ਸ਼ਾਂਝੀਵਾਲਤਾ ਦੇ ਹਾਮੀ,ਇਨਕਲਾਬ ਦੇ ਮੋਢੀ,ਸ਼ੋਮਣੀ ਸੰਤ, ਕ੍ਰਾਂਤੀਕਾਰੀ ਰਹਿਬਰ, ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ 'ਚ ਸਜਾਏ ਗਏ।ਇਹ ਨਗਰ ਕੀਰਤਨ ਗੁਰਦਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਸਾਰੇ ਪਿੰਡ



ਦੀ ਪ੍ਰੀਕਰਮਾ ਕਰਦਾ ਹੋਇਆ ਵਾਪਸ ਗੁਰਸਆਰਾ ਸਾਹਿਬ ਵਿਖੇ ਸਮਾਪਤ ਹੋਇਆ।ਨਗਰ ਕੀਰਤਨ ਦਾ ਅੰਬੇਡਕਰ ਸੈਨਾ ਪੰਜਾਬ ਦੇ ਸੂਬਾ ਜਨਰਲ ਸਕੱਤਰ ਕਮਲ ਲੱਖਪੁਰ ਦੀ ਅਗਵਾਈ 'ਚ ਭਰਵਾਂ ਸਵਾਗਤ ਕੀਤਾ ਗਿਆ ਅਤੇ ਸੰਗਤਾਂ ਲਈ ਚਾਹ ਪਕੌੜਿਆਂ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਵਿਸ਼ੇਸ ਤੌਰ 'ਤੇ ਮਾ.ਹਰਭਜਨ ਸਿੰਘ ਬਲਾਲੋਂ ਇੰਚਾਰਜ ਲੋਕ ਸਭਾ ਹਲਕਾ ਹੁਸ਼ਿਆਰਪੁਰ,ਜਰਨੈਲ ਨੰਗਲ ਸਾਬਕਾ ਜਨਰਲ ਸਕੱਤਰ ਬਸਪਾ ਪੰਜਾਬ,ਲੇਖਰਾਜ ਜਮਾਲਪੁਰ ਸੀਨੀਅਰ ਆਗੂ ਨੇ ਨਗਰ ਕੀਰਤਨ 'ਚ ਸ਼ਿਰਕਤ ਕਰ ਗੁਰੂ ਮਹਾਰਾਜ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਕਮਲ ਲੱਖਪੁਰ ਨੇ ਉਕਤ ਆਗੂਆਂ ਅਤੇ ਮਿਸ਼ਨਰੀ ਗਾਇਕ ਰਾਜ ਦਦਰਾਲ ਨੂੰ ਸਨਮਾਨਿਤ ਕੀਤਾ।ਇਸ ਮੌਕੇ ਮਾ.ਬਲਾਲੋਂ ਤੇ ਨੰਗਲ ਨੇ ਸਮੁੱਚੀ ਸੰਗਤ ਨੂੰ ਗੁਰੂ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆ ਕਿਹਾ ਕਿ ਸਾਨੂੰ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਸੋਚ ਤੇ ਸਿੱਖਿਆਵਾਂ ਤੇ ਚੱਲ ਕੇ ਦੇਸ਼ ਵਿੱਚੋਂ ਜਾਤਪਾਤ ਨੂੰ ਖਤਮ ਕਰਕੇ ਆਪਸੀ ਭਾਈਚਾਰਕ ਸਾਂਝ ਪੈਦਾ ਕਰਨੀ ਚਾਹੀਦੀ ਹੈ ਅਤੇ ਆਪਣੇ ਬੱਚਿਆ ਨੂੰ ਵੱਧ ਤੋਂ ਵੱਧ ਪੜਾਉਣਾ ਚਾਹੀਦਾ ਹੈ ਤਾਂ ਜੋ ਬਹੁਜਨ ਸਮਾਜ ਦੀ ਵਿਗੜੀ ਬਣ ਸਕੇ।ਇਸ ਮੌਕੇ ਕਮਲ ਲੱਖਪੁਰ ਤੇ ਰਾਮ ਲੁਭਾਇਆ ਲੱਖਪੁਰ ਮੈਂਬਰ ਬਲਾਕ ਸੰਮਤੀ ਨੇ ਆਏ ਹੋਏ ਆਗੂਆਂ ਤੇ ਸਮੁੱਚੀ ਸੰਗਤ ਦਾ ਨਗਰ ਕੀਰਤਨ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ। ਇਸ ਮੌਕੇ ਰਾਮ ਲੁਭਾਇਆ ਲੱਖਪੁਰ, ਪ੍ਰਦੀਪ ਮੱਲ, ਕੁਲਵੰਤ ਰਾਮ ਰਾਹੁਲ, ਸੋਨੂੰ ਮਹਿਮੀ, ਸੰਦੀਪ ਕੁਮਾਰ, ਬਲਜੀਤ ਸਿੰਘ, ਮੰਗਲ ਜਿੰਦੇ, ਧਰਮਿੰਦਰ ਭਿੰਦਾ, ਲਾਡੀ,ਪਿੰਦੀ, ਅਸ਼ੋਕ ਕੁਮਾਰ ਸੈਕਟਰੀ, ਦਲਵੀਰ ਸਿੰਘ, ਮੋਹਣ ਲਾਲ, ਗਗਨਦੀਪ ਤੋਂ ਇਲਾਵਾ ਭਾਰੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# 'ਆਪ' ਦੀ ਇਤਿਹਾਸਕ ਜਿੱਤ 'ਤੇ ਖੁਸ਼ੀ 'ਚ ਖੀਵੇ ਹੋਏ ਪ੍ਰਵਾਸੀ ਭਾਰਤੀ

ਮੈਲਬੋਰਨ -ਦਿੱਲੀ ਦੇ 70 ਵਿਧਾਨ ਸਭਾ ਹਲਕਿਆਂ 'ਚੋਂ 67 ਸੀਟਾਂ ਪ੍ਰਾਪਤ ਕਰਕੇ ਆਮ ਆਦਮੀ ਪਾਰਟੀ ਨੇ ਇਤਿਹਾਸ ਸਿਰਜ ਕੇ ਸੱਤਾਧਾਰੀ ਭਾਜਪਾ ਦੇ ਜੇਤੂ ਰੱਥ ਨੂੰ ਬਰੇਕਾਂ ਲਾ ਦਿੱਤੀਆਂ। ਇਸ ਸ਼ਾਨਦਾਰ ਦਿੱਤ 'ਤੇ ਪ੍ਰਵਾਸੀ ਭਾਰਤੀਆਂ ਵਲੋਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਹਨ ਤੇ ਸੋਸ਼ਲ ਸਾਈਟਾਂ 'ਤੇ ਵਧਾਈ ਸੰਦੇਸ਼ ਭੇਜੇ ਜਾ ਰਹੇ ਹਨ।ਇਨ੍ਹਾਂ ਚੋਣਾਂ 'ਚ ਪ੍ਰਵਾਸੀ ਭਾਰਤੀਆਂ ਨੇ ਸਿੱਧੇ ਅਤੇ ਅਸਿੱਧੇ ਤੌਰ 'ਤੇ ਅਹਿਮ ਯੋਗਦਾਨ ਪਾਇਆ ਗਿਆ।ਆਸਟ੍ਰੇਲੀਆ 'ਚ ਆਮ ਆਦਮੀ ਪਾਰਟੀ ਦੇ ਹਮਾਇਤੀਆਂ ਦਾ ਕਹਿਣਾ ਹੈ ਇਹ ਇਕ ਆਮ ਆਦਮੀ ਦੀ ਜਿੱਤ ਹੈ।

ਦਿੱਲੀ 'ਚ ਆਮ ਪਾਰਟੀ ਦੀ ਜਿੱਤ ਨਾਲ ਭਾਰਤ 'ਚੋਂ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਤੇ ਹੋਰ ਸਮਾਜਿਕ ਅਲਾਮਤਾਂ ਦੇ ਖਤਮ ਹੋਣ ਦੀ ਆਸ ਜਾਗੀ ਹੈ।

ਆਸਟ੍ਰੇਲੀਆ ਵਸਦੇ ਪੰਜਾਬੀਆਂ ਦਾ ਕਹਿਣਾ ਹੈ ਕਿ ਦਿੱਲੀ 'ਚ ਸਾਫ ਸੁਥਰੀ ਅਤੇ ਭ੍ਰਿਸ਼ਟਾਚਾਰ ਰਹਿਤ ਸਰਕਾਰ ਬਣਨ ਨਾਲ ਬਾਕੀ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਵੀ ਈਮਾਨਦਾਰੀ ਨਾਲ ਪ੍ਰਸ਼ਾਸਨ ਚਲਾਉਣ ਦੀ ਸੇਧ ਮਿਲੇਗੀ।


## ਲੜਕੀ ਦੀ ਲੋੜ

ਆਦਿ ਧਰਮੀ ਸਿੱਖ ਲੜਕਾ ਉਮਰ 38 ਸਾਲ, ਕੱਦ 5 ਫੁੱਟ 6" ਗ੍ਰੈਜੁਏਟ, ਇੱਕ ਸਾਲ ਦਾ ਕੰਪਿਊਟਰ ਦਾ ਕੋਰਸ ਕੀਤਾ ਹੋਇਆ ਹੈ। ਪੱਕੇ ਤੋਰ ਤੇ ਅਮਰੀਕਾ ਰਹਿ ਰਹਾ ਹੈ। ਜੋਬ ਕਰ ਰਹੇ ਲਈ ਇਮੀਗ੍ਰਾਂਟ/ ਸਿਟੀਜ਼ਨ ਪੜ੍ਹੀ ਲਿਖੀ ਸੋਹਣੀ ਸੁੱਣਖੀ ਲੜਕੀ ਦੀ ਲੋੜ ਹੈ। ਕ੍ਰਿਪਾ ਕਰਕੇ ਤਲਾਕਸ਼ੁਦਾ ਕਾਲ ਨਾ ਕਰਨ।

email: Kuldepsingh76@gmail.com

ਜਾਂ (530) 415-1192 ਤੇ ਸੰਪਰਕ ਕਰੋ।


## ਦਿੱਲੀ ਨੂੰ ਵਧਾਈਆਂ ਦਿਓ



ਗਿਣਤੀ ਵਧਾਉਣ ਲਈ ਨਾ
ਕਰੀ ਭਰਤੀ
ਖੜ੍ਹੀ ਕੀਤੀ ਟੀਮ ਬੰਦੇ
ਟੋਲ੍ਹ ਟੋਲ੍ਹ ਕੇ।
ਮਾਰੇ ਨਹੀਂ ਗਪੌੜ, ਉਹੀ ਵਾਅਦੇ ਕਰੇ ਜੀ
ਸੱਚ ਦੇ ਤਰਾਜ਼ੂ ਉਤੇ ਪਹਿਲਾਂ ਤੋਲ ਕੇ।
ਆਮ ਆਦਮੀ ਨੂੰ ਟੀਕੇ ਲਾ 'ਤੇ ਜੋਸ਼ ਦੇ
'ਵੱਡਿਆਂ ਦਲਾਂ' ਨੂੰ ਰੱਖ ਦਿੱਤਾ ਰੋ.ਲ ਕੇ।
'ਮੋਦੀ-ਸ਼ਾਹੀ' ਖੌਫ ਦਿਲਾਂ ਤੋਂ ਉਤਾਰ ਕੇ
ਟੂੰਬੀਆਂ ਜ਼ਮੀਰਾਂ ਖ਼ਰੇ ਬੋਲ ਬੋਲ ਕੇ।
ਜਿੱਤ ਵਾਲਾ ਸਿਹਰਾ ਨਹੀਂਉਂ ਸੌਖਾ ਬੱਝਿਆ
ਕੀਤੀਆਂ ਮੁਸ਼ੱਕਤਾਂ ਪਸੀਨਾ ਡੋਲ੍ਹ ਕੇ।
ਫਾਸ਼ੀਵਾਦੀ ਸੋਚ ਤਾਈਂ ਠੱਲ੍ਹ ਪਾਉਣ ਲਈ
ਦਿੱਲੀ ਨੂੰ ਵਧਾਈਆਂ ਦਿਓ ਦਿਲ ਖੋਲ੍ਹ ਕੇ।

-ਤਰਲੋਚਨ ਸਿੰਘ ਦੁਪਾਲਪੁਰ
81959-51021


# Sam's Auto Repair & Services

**Professional Auto Repairs & Services**
**BRAKE & LAMP INSPECTION**
**Domestic & Foreign Cars**

**STAR CERTIFIED TEST & REPAIR STATION**

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ **"CAP CONSUMER ASSITANT PROGRAM"** ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ **$500.00** ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ **www.smogcheck.ca.gov** ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ **DMV** ਰਜਿਸਟ੍ਰੇਸਨ ਵੀ ਕਰਵਾ ਸਕਦੇ ਹੋ

**649 West Elkhorn Blvd, Suite B Rio Linda, CA 95673**

**(916) 992-9004**

SMOG N TAG
(916) 334-7664
6421 Watt Ave.
North Highlands, CA 95660
$10.00 Off initial Smog Check
Restrictions Apply - See Store for Details
STAR Certified



# ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ ਤੇ ਡੀ. ਐਮ. ਵੀ. ਰਿਕਾਰਡ ਵਧੀਆ ਹੋਵੇ।

**ਹੋਰ ਜਾਣਕਾਰੀ ਲਈ ਸੰਪਰਕ ਕਰੋ**

**209-479-0242**

# ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਨਿਊਯਾਰਕ ਵਿਚ ਅਮਿੱਟ ਛਾਪ ਛੱਡਦਾ ਸੰਪੰਨ






















# ਸ਼ਬਦ ਸ੍ਰੀ ਗੁਰੂ ਰਵਿਦਾਸ ਜੀ



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

**"੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਰਾਗ ਆਸਾ ਬਾਣੀ ਭਗਤਾ ਕੀ ਕਬੀਰ ਜੀਉ ਨਾਮਦੇਵ ਜੀਉ ਰਵਿਦਾਸ ਜੀਉ॥"1**

**੧ੴ ਸਤਿਗੁਰ ਪ੍ਰਸਾਦਿ**
ਆਸਾ ਬਾਣੀ ਰਵਿਦਾਸ ਜੀਉ ਕੀ
ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ
ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ
ਤਾ ਕੀ ਕੇਤਕ ਆਸ॥੧॥
ਮਾਧੋ ਅਬਿਦਿਆ ਹਿਤ ਕੀਨ॥
ਬਿਬੇਕ ਦੀਪ ਮਲੀਨ॥੧॥ ਰਹਾਉ॥
ਤ੍ਰਿਗਦ ਜੋਨਿ ਅਚੇਤ,
ਸੰਭਵ ਪੁੰਨ ਪਾਪ ਅਸੋਚ॥
ਮਾਨੁਖਾ ਅਵਤਾਰ ਦੁਲਭ
ਤਿਹੀ ਸੰਗਤ ਪੋਚ॥੨॥
ਜੀਅ ਜੰਤ ਜਹਾ ਜਹਾ ਲਗੁ
ਕਰਮ ਕੇ ਬਸਿ ਜਾਇ॥
ਕਾਲ ਫਾਸ ਅਬਧ ਲਾਗੇ
ਕਛੁ ਨ ਚਲੈ ਉਪਾਇ॥੩॥
ਰਵਿਦਾਸ ਦਾਸ ਉਦਾਸ ਤਜੁ ਭ੍ਰਮ
ਤਪਨ ਤਪ ਗੁਰ ਗਿਆਨ॥
ਭਗਤ ਜਨ ਭੈ ਹਰਨ
ਪਰਮਾਨੰਦ ਕਰਹੁ ਨਿਦਾਨ॥੪॥੧॥2

**ਪਦ ਅਰਥ:-** ਮ੍ਰਿਗ= ਹਿਰਨ। ਮੀਨ- ਮੱਛੀ। ਭ੍ਰਿਗ = ਭੌਰਾ। ਪਤੰਗ= ਭੰਬਟ। ਕੁੰਚਰ= ਹਾਥੀ।
1. ਹਿਰਨ ਨੂੰ ਘੰਡੇ ਹੇ ਦਾ ਨਾਦ ਸੁਣਨ ਦਾ ਰਸ- ਕੰਨ-ਰਸ।
2. ਮੱਛੀ ਨੂੰ ਜੀਭ ਦਾ ਸੁਆਦ- ਜੀਭ-ਰਸ।
3. ਭੌਰ ਨੂੰ ਫੁੱਲ ਸੁੰਘਣ ਦਾ ਰਸ- ਨੱਕ-ਰਸ।
4. ਭੰਬਟ ਦਾ ਦੀਵੇ ਉਤੇ ਸੜ ਮਰਨਾ- ਅੱਖਾਂ ਨਾਲ ਵੇਖਣ ਦਾ ਰਸ ਰੂਪ-ਰਸ, ਅੱਖ- ਰਸ।
5. ਹਾਥੀ ਨੂੰ ਕਾਮ ਵਾਸਨਾ- ਕਾਮ-ਰਸ।
ਅਸਾਧ- ਨਾ ਕਾਬੂ ਆਉਣ ਵਾਲਾ॥੦॥

ਮਾਧੋ= ਪ੍ਰਭ। ਅਬਿਦਿਆ= ਅਗਿਆਨਤਾ। ਬਿਬੇਕ= ਵਸਤ ਦੇ ਠੀਕ ਠੀਕ ਸਰੂਪ ਦਾ ਨਿਸ਼ਚਤ ਕਰਨਾ, ਵਿਚਾਰ। ਮਲੀਨ= ਮੰਦ॥੧॥ ਰਹਾਉ॥

ਤ੍ਰਿਗਦ= ਪਸ਼ੂ, ਪੰਛੀ, ਬੇਲਾਂ, ਬ੍ਰਿਛ ਆਦਿ ਅਤੇ ਅੰਡਜ ਤੋਂ ਪੈਦਾ ਹੋਣ ਵਾਲੇ ਜੀਵ- ਮਨੁੱਖ ਨੂੰ ਛੱਡ ਕੇ ਬਾਕੀ ਸਭ ਜੀਵ ਜੰਤ ਤ੍ਰਿਗਦ ਜੂਨ ਹੈ। ਅਚੇਤ- ਜੜ ਮਤਿ, ਮੋਟੀ ਅਕਲ। ਅਸੋਚ- ਸੋਚ (ਵਿਚਾਰ) ਹੀਣ। ਅਵਤਾਰ= ਮਨੁੱਖ ਦਾ ਜਨਮ ਸਰਵ-ਗੁਣ ਸੰਪੰਨ ਹੈ। ਦੁਲਭ= ਅਮੁਲ (ਇਸ ਸ਼ਬਦ ਦੀ ਵਰਤੋਂ ਮਨ ਦੇ ਸਰਵ-ਗੁਣ ਸੰਪੰਨ ਹੋਣ ਦੀ ਗਵਾਹੀ ਹੈ। ਪੋਚ= ਨੀਚ-ਪੰਜ ਵਿਕਾਰ॥੨॥

ਕਰਮ= ਕੀਤੇ ਕਰਮ। ਜਾਇ= ਜਨਮ ਲੈ ਕੇ। ਕਾਲ ਫਾਸ= ਸਰੀਰਕ ਮੌਤ, ਆਤਮਕ ਮੌਤ। ਅਬਧ= ਕੱਟੀ ਨਾ ਜਾਣ ਵਾਲੀ, ਜੋ ਨਾਸ਼ ਨਾ ਹੋ ਸਕੇ॥੩॥
ਉਦਾਸ= ਵਿਕਾਰਾਂ ਤੋਂ ਉਪਰਾਮ। ਨਿਦਾਨ= ਅੰਤ, ਬੇਸਮਝ॥4॥1॥

## ਸ਼ਬਦ ਦਾ ਅੰਤਰੀਵ ਵਿਚਾਰ-ਵਿਧਾਨ

ਸ਼ਬਦ ਦੇ ਬੰਦ ਨੰ. ੧ ਵਿਚ ਤ੍ਰਿਗਦ ਜੂਨਾਂ ਦਾ ਉਲੇਖ ਕੀਤਾ ਗਿਆ ਹੈ; ਇਨ੍ਹਾਂ ਤ੍ਰਿਗਦ ਜੂਨਾਂ ਵਿਚ ਮਨੁੱਖੀ ਜੀਵ ਸ਼ਾਮਲ ਨਹੀਂ ਹੈ, ਬਾਕੀ ਸਭ ਸ਼ਾਮਲ ਹਨ। ਤ੍ਰਿਗਦ ਜੂਨਾਂ ਵਿਚ ਕੇਵਲ ਇਕ ਇਕ ਵਿਕਾਰ ਹੈ- ਜਿਵੇਂ ਹਿਰਨ ਵਿਚ ਕੰਨ- ਰਸ ਦਾ, ਮੱਛੀ ਵਿਚ ਜੀਭ-ਰਸ ਦਾ, ਭੌਰੇ ਵਿਚ ਫੁੱਲ ਸੁੰਘਣ ਦਾ, ਨੱਕ- ਰਸ, ਭੰਬਟ ਦਾ ਅੱਖਾਂ ਨਾਲ ਦੇਖ ਕੇ ਸੜ ਮਰਨ ਦਾ- ਰੂਪ-ਰਸ ਅਤੇ ਹਾਥੀ ਵਿਚ ਕਾਮ ਤ੍ਰਿਸ਼ਨਾ (ਤੁਚਾ ਨਾਲ ਸਪਰਸ਼ ਕਰਕੇ) ਕਾਮ-ਰਸ। ਗੁਰੂ ਰਵਿਦਾਸ ਜੀ ਅਟੱਲ ਸਚਾਈ ਦਾ ਪ੍ਰਗਟਾਵਾ ਕਰਦੇ ਹਨ ਕਿ ਇਨ੍ਹਾਂ ਤ੍ਰਿਗਦ ਜੂਨਾਂ ਦੇ ਇਕ ਇਕ

**ਪ੍ਰੋ: ਲਾਲ ਸਿੰਘ ਮਹੇ**

ਵਿਕਾਰ ਨਾਲ ਹੀ ਉਹਨਾਂ ਦਾ ਨਾਸ਼ ਹੋ ਜਾਂਦਾ ਹੈ। ਪਰ ਮਨੁੱਖ ਵਿਚ ਤਾਂ ਇਹ ਪੰਜੇ ਵਿਕਾਰ ਹਨ, ਇਹ ਹਨ ਵੀ ਅਸਾਧ। ਇਨ੍ਹਾਂ ਤੇ ਕਾਬੂ ਪਾਉਣਾ ਬਹੁਤ ਹੀ ਕਠਿਨ ਹੈ।

ਸੋ ਗੁਰੂ ਜੀ ਨੇ ਅਮਲੀ ਰੂਪ ਵਿਚ ਵਾਪਰ ਰਹੀਆਂ ਘਟਨਾਵਾਂ ਦੀ ਗਵਾਹੀ ਦੇ ਕੇ ਮਨੁੱਖ ਨੂੰ ਸ਼ਕਤੀਸ਼ਾਲੀ ਢੰਗ ਨਾਲ ਸਾਵਧਾਨ ਕੀਤਾ ਹੈ ਕਿ ਇਨ੍ਹਾਂ ਅਸਾਧ ਵਿਕਾਰਾਂ ਤੋਂ ਉਸ ਲਈ ਬਚਣਾ ਅਤਿ ਮੁਸ਼ਕਿਲ ਹੈ।

'ਰਹਾਉ' ਵਿਚ ਗੁਰੂ ਜੀ ਮਨੁੱਖ ਦੇ ਵਿਕਾਰਾਂ ਦੇ ਪੰਜੇ ਵਿਚ ਫਸਣ ਦਾ ਕਾਰਨ ਦੱਸਦੇ ਹਨ। ਜੇ ਬਿਮਾਰੀ ਦੇ ਕਾਰਨ ਦਾ ਪਤਾ ਲੱਗ ਜਾਵੇ ਤਾਂ ਅੱਧਾ ਇਲਾਜ ਤਾਂ ਉਸੇ ਵੇਲੇ ਹੋ ਜਾਂਦਾ ਹੈ ਅਤੇ ਬਾਕੀ ਇਲਾਜ ਉਸ ਦਾ ਹੀਲਾ ਕਰਨ ਨਾਲ ਹੋ ਜਾਂਦਾ ਹੈ।

ਮਨੁੱਖ ਦੇ ਵਿਕਾਰਾਂ ਵਿਚ ਫਸਣ ਦਾ ਕਾਰਨ ਮਨੁੱਖ ਦਾ, ਸੋਚ-ਵਿਚਾਰ ਤੋਂ ਕੰਮ ਨਾ ਲੈਣ ਕਰਕੇ ਮੰਦ-ਬੁੱਧੀ ਦਾ ਵਿਕਸਤ ਹੋਣਾ ਹੈ। ਜਿਸ ਕਾਰਨ ਮਨੁੱਖ ਅਗਿਆਨੀ ਬਣ ਜਾਂਦਾ ਹੈ, ਵਿਕਾਰਾਂ ਵਿਚ ਫਸ ਜਾਂਦਾ ਹੈ।

ਇੱਥੇ ਹੀ ਬੱਸ ਨਹੀਂ ਗੁਰੂ ਜੀ ਬੰਦ ਨੰ: ੨ ਵਿਚ ਤ੍ਰਿਗਦ ਜੂਨਾਂ ਨੂੰ ਤਾਂ ਤਰਕ ਨਾਲ ਇਹ ਕਹਿ ਕੇ ਬਰੀ ਕਰ ਦਿੰਦੇ ਹਨ ਕਿ ਇਹ ਜੂਨਾਂ ਤਾਂ ਜੜ੍ਹ ਮਤਿ (ਮੋਟੀ ਅਕਾਲ ਕਾਰਨ ਸਮਝ ਬੂਝ ਤੋਂ ਕੋਰੀਆਂ ਹਨ: ਸੰਭਾਵਿਤ, ਵਿਚਾਰ-ਹੀਣ ਹੋਣ ਕਰਕੇ ਇਨ੍ਹਾਂ ਨੂੰ ਪੁੰਨ ਅਤੇ ਪਾਪ ਭਾਵ ਕੀ ਚੰਗਾ ਅਤੇ ਕੀ ਮੰਦਾ ਹੈ, ਇਸ ਦਾ ਗਿਆਨ ਹੀ ਨਹੀਂ ਹੈ। ਪਰ ਮਨੁੱਖ ਪਾਸ ਤਾਂ ਸਭ ਕੁਝ ਹੈ।

ਇਸ ਪ੍ਰਸੰਗ ਵਿਚ ਗੁਰੂ ਜੀ ਨੇ ਲਫਜ਼ 'ਅਵਤਾਰ' ਦੀ ਵਰਤੋਂ ਕੀਤੀ ਹੈ। ਅਵਤਾਰ ਦਾ ਅਰਥ ਇਸ ਪ੍ਰਸੰਗ ਵਿਚ ਕੇਵਲ ਜਨਮ ਹੀ ਨਹੀਂ ਹੈ। ਉਹ ਤਾਂ ਸਪਸ਼ਟ ਕਰਦੇ ਹਨ ਕਿ ਜਨਮ ਵੇਲੇ, ਮਨੁੱਖ ਸਾਰੇ ਗੁਣ ਧਾਰਨ ਕਰਕੇ ਇਸ ਸੰਸਾਰ ਵਿਚ ਆਉਂਦਾ ਹੈ। ਜਿਹੜੇ ਕੇਵਲ ਬ੍ਰਹਮ-ਗਿਆਨੀ ਵਿਚ ਹੀ ਹੁੰਦੇ ਹਨ। ਜਨਮ ਦਾ ਅਮੁੱਲਾ (ਦੁਲਭ) ਹੋਣਾ ਬ੍ਰਹਮ-ਗਿਆਨ ਦੀ ਹੋਂਦ ਦਾ ਸਬੂਤ ਹੈ।

ਇਸ ਤਰ੍ਹਾਂ ਲਫਜ਼ 'ਅਵਤਾਰ' ਅਤੇ 'ਦੁਲਭ' ਦੀ ਵਰਤੋਂ ਨਾਲ ਗੁਰੂ ਜੀ ਮਨੁੱਖ ਨੂੰ ਉਸ ਦੀਆਂ ਮੌਲਿਕ ਸ਼ਕਤੀਆਂ ਦਾ ਬੋਧ ਕਰਾ ਕੇ ਉਸ ਨੂੰ ਪ੍ਰਪੱਕ ਕਰ ਰਹੇ ਹਨ ਕਿ ਤੇਰਾ ਜਨਮ ਦੁਰਲਭ ਹੈ, ਤੂੰ ਇਸ ਸੰਸਾਰ ਵਿਚ ਜੋ ਨਹੀਂ ਸੋ ਕਰ ਸਕਦਾ ਹੈ। ਪਰ ਅਫਸੋਸ ਤੂੰ ਆਪਣੀ ਸੰਗਤ, ਘਟੀਆ, ਮਕਾਰ ਅਤੇ ਅਤਿ ਨੀਚ ਵਿਕਾਰਾਂ ਨਾਲ ਕਰ ਲਈ ਹੈ।

ਇਸ ਤੋਂ ਵੱਡੀ ਦੁਰਘਟਨਾ ਮਨੁੱਖ ਨਾਲ ਹੋਰ ਕੀ ਵਾਪਰ ਸਕਦੀ ਹੈ ਕਿ ਉਹ ਮਹਾਨ ਹੁੰਦਾ ਹੋਇਆ ਵੀ ਆਪਣੇ ਆਪ ਹੀ ਜਾਣ ਬੁੱਝ ਕੇ, ਇਸ ਸ਼ਕਤੀਸ਼ਾਲੀ ਦੁਰਘਟਨਾ ਦਾ ਸ਼ਿਕਾਰ ਹੋ ਗਿਆ ਹੈ। ਜਿਸ ਤੋਂ ਬਚਣਾ ਮਨੁੱਖ ਲਈ ਅਤਿ ਔਖਾ ਹੈ।

ਬੰਦ ਨੰ ੩ ਵਿਚ ਗੁਰੂ ਜੀ ਨੇ ਇਹਨਾਂ ਵਿਕ-ਾਰਾਂ ਕਾਰਨ ਮਨੁੱਖ ਦੇ ਜੀਵਨ ਵਿਚ ਪਏ ਘਾਤਕ, ਮਾਰੂ ਪ੍ਰਭਾਵਾਂ ਦਾ ਜ਼ਿਕਰ ਕੀਤਾ ਹੈ। ਉਹ ਦ੍ਰਿੜ੍ਹਾਉਂਦੇ ਹਨ ਕਿ ਇਨ੍ਹਾਂ ਵਿਕਾਰਾਂ ਕਾਰਨ ਮਨੁੱਖ ਦੀ ਆਤਮਕ ਤੌਰ ਤੇ ਮੌਤ ਹੋ ਜਾਂਦੀ ਹੈ; ਇਹ ਅਟੱਲ ਹੈ।

ਇਸ ਨੂੰ ਕੋਈ ਨਹੀਂ ਰੋਕ ਸਕਦਾ। ਇਸ ਲਈ ਸੰਸਾਰ ਦੇ ਜੀਵ ਬਿਨਾਂ ਮੁਕਤੀ ਪ੍ਰਾਪਤ ਕੀਤਿਆਂ, ਇਸ ਜਨਮ ਵਿਚ ਆਪਣੇ ਕੀਤੇ ਕਰਮਾਂ ਅਨੁਸਾਰ ਇਸ ਦੁਨੀਆਂ ਤੋਂ ਕੂਚ ਕਰ ਜਾਂਦੇ ਹਨ ਅਤੇ ਇਹਨਾਂ ਕੀਤੇ ਕਰਮਾਂ ਅਨੁਸਾਰ ਹੀ ਹੋਰ ਜੂਨਾਂ ਵਿਚ ਜਾ ਪ੍ਰਵੇਸ਼ ਕਰਦੇ ਹਨ।

ਸੋ ਮਨੁੱਖ ਆਪਣੀ ਜੂਨ ਆਪ ਤੈਅ ਕਰਦਾ ਹੈ- ਜੇ ਉਹ ਮੰਦੇ ਕਰਮ ਕਰਦਾ ਹੈ ਤਾਂ ਭੈੜੀ ਜੂਨ ਵਿਚ ਜਾਂਦਾ ਹੈ ਅਤੇ ਜੇ ਉਹ ਚੰਗੇ ਕਰਮ ਕਰਦਾ ਹੈ ਤਾਂ ਮੁਕਤੀ ਪ੍ਰਾਪਤ ਕਰਕੇ ਪ੍ਰਭੂ ਦਾ ਸਤਿ ਦਰਬਾਰੀ ਬਣ ਜਾਂਦਾ ਹੈ।

ਬੰਦ ਨੰ ੪ ਵਿਚ ਪ੍ਰਭੂ ਦਾ ਸਤਿ ਦਰਬਾਰੀ ਕਿਵੇਂ ਬਣਿਆ ਜਾ ਸਕਦਾ ਹੈ? ਗੁਰੂ ਰਵਿਦਾਸ ਜੀ ਮਨੁੱਖ ਨੂੰ ਇਸ ਬਾਰੇ ਸੂਚਿਤ ਕਰਦੇ ਫ਼ਰਮਾਉਂਦੇ ਹਨ ਕਿ ਮਨੁੱਖ ਵਿਕਾਰਾਂ ਤੋਂ ਉਪਰਾਮ ਹੋ ਕੇ ਭਟਕਣ ਛੱਡੇ ਅਤੇ ਗੁਰੂ ਦੇ ਉੱਤਮ ਗਿਆਨ ਨੂੰ ਪ੍ਰਾਪਤ ਕਰਦਾ ਹੋਇਆ ਪ੍ਰਭੂ ਦੀ ਬਖਸ਼ਿਸ਼ ਪ੍ਰਾਪਤ ਕਰਨ ਲਈ ਅਰਜ਼ੋਈ ਕਰੇ, ਤਾਂ ਉਸ ਨੂੰ ਪਰਮ ਅਨੰਦ ਦੀ ਬਖਸ਼ਿਸ਼ ਹੁੰਦੀ ਹੈ।

**ਸ਼ਬਦ ਅਰਥ:-** ਹੇ ਪ੍ਰਭੂ! ਇਹ ਤ੍ਰਿਗਦ ਜੂਨਾਂ ਜਿਵੇਂ ਹਰਨ, ਮੱਛੀ, ਭੌਰਾ, ਭੰਬਟ ਅਤੇ ਹਾਥੀ ਵਿਚ ਇਕ ਇਕ ਵਿਕਾਰ ਹੈ, ਜਿਸ ਕਾਰਨ ਇਨ੍ਹਾਂ ਦਾ ਨਾਸ਼ ਹੋ ਜਾਂਦਾ ਹੈ, ਫਿਰ ਮਨੁੱਖ ਵਿਚ ਤਾਂ ਇਹ ਪੰਜੇ ਅਸਾਧ ਵਿਕਾਰ ਹਨ, ਉਸ ਦੇ ਬਚਣ ਦੀ ਆਸ ਕਿੰਨਾ ਚਿਰ ਹੋ ਸਕਦੀ ਹੈ? ਮਨੁੱਖ ਲਈ ਇਨ੍ਹਾਂ ਤੋਂ ਬਚਣਾ ਬਹੁਤ ਕਠਿਨ ਹੈ॥੧॥

ਹੇ ਪ੍ਰਭੂ! ਮਨੁੱਖ ਦੇ ਵਿਕਾਰਾਂ ਵਿਚ ਫਸਣ ਦਾ ਕਾਰਨ ਮਨੁੱਖ ਦਾ ਸੋਚ ਵਿਚਾਰ ਤੋਂ ਕੰਮ ਨਾ ਲੈਣ ਕਰਕੇ ਮੰਦ ਬੁੱਧੀ ਦਾ ਵਿਕਸਤ ਹੋਣਾ ਹੈ। ਜਿਸ ਕਰਕੇ ਮਨੁੱਖ ਅਗਿਆਨੀ ਬਣ ਜਾਂਦਾ ਹੈ, ਵਿਕਾਰਾਂ ਵਿਚ ਫਸ ਜਾਂਦਾ ਹੈ॥੧॥ਰਹਾਉ॥

ਤ੍ਰਿਗਦ ਜੂਨਾਂ ਨੂੰ ਤਾਂ ਗੁਰੂ ਜੀ ਇਹ ਕਹਿ ਕੇ ਬਰੀ ਕਰ ਦਿੰਦੇ ਹਨ ਕਿ ਇਹ ਜੜ੍ਹ ਮਤਿ (ਮੋਟੀ ਅਕਲ) ਕਾਰਨ ਸਮਝ ਬੂਝ ਤੋਂ ਕੋਰੀਆਂ ਹਨ: ਸੰਭਾਵਿਤ, ਵਿਚਾਰ-ਹੀਣ ਹੋਣ ਕਰਕੇ ਇਹਨਾਂ ਨੂੰ ਪੁੰਨ ਪਾਪ ਭਾਵ ਕੀ ਚੰਗਾ ਅਤੇ ਕੀ ਮੰਦਾ ਹੈ ਇਸ ਦਾ ਗਿਆਨ ਨਹੀਂ।

ਪਰ ਮਨੁੱਖ ਤਾਂ ਜਨਮ ਵੇਲੇ ਸਰਵ-ਗੁਣ ਸੰਪੰਨ ਪੈਦਾ ਹੁੰਦਾ ਹੈ ਅਤੇ ਦੁਰਲਭ (ਦੁਲਭ) ਭਾਵ 'ਅਮੁਲਾ ਹੋਣਾ ਇਸ ਦੇ ਸਰਵ-ਗੁਣ ਸੰਪੰਨ ਹੋਣ ਦੀ ਗਵਾਹੀ ਹੈ।

ਪਰ ਹੈਰਾਨੀ ਦੀ ਗੱਲ ਹੈ ਕਿ ਮਨੁੱਖ ਨੇ ਆਪਣੀ ਸੰਗਤ ਘਟੀਆ, ਮਕਾਰ ਅਤੇ ਅਤਿ ਨੀਚ ਵਿਕਾਰਾਂ ਨਾਲ ਕਰ ਲਈ ਹੈ। ਉਸ ਨੇ ਇਸ ਦੁਰਲਭ ਬੁੱਧੀ ਨਾਲ ਵੀ ਕੁਝ ਸਮਝਿਆ ਸੋਚਿਆ ਨਹੀਂ ਹੈ॥੨॥

ਅਜਿਹੇ ਜੀਵ ਜੰਤੂ ਆਪਣੇ ਕੀਤੇ ਕਰਮਾਂ ਅਨੁਸਾਰ ਆਤਮਕ ਮੌਤ ਮਰ ਜਾਂਦੇ ਹਨ, ਇਸ ਨੂੰ ਕੋਈ ਰੋਕ ਨਹੀਂ ਸਕਦਾ। ਇਸ ਤਰ੍ਹਾਂ ਇਨ੍ਹਾਂ ਕਰਮਾਂ ਅਨੁਸਾਰ ਹੋਰ ਜੂਨਾਂ ਵਿਚ ਜਾ ਪ੍ਰਵੇਸ਼ ਕਰਦੇ ਹਨ॥੩॥

ਗੁਰੂ ਰਵਿਦਾਸ ਜੀ ਪ੍ਰਭੂ ਨੂੰ ਸੰਬੋਧਨ ਕਰਦੇ ਫੁਰਮਾਉਂਦੇ ਹਨ ਕਿ ਹੇ ਪ੍ਰਭੂ! ਤੇਰਾ ਦਾਸ, ਰਵਿਦਾਸ, ਇਨ੍ਹਾਂ ਵਿਕਾਰਾਂ ਤੋਂ ਉਪਰਾਮ ਹੋ ਭਟਕਣ ਛੱਡ ਅਤੇ ਤਪਾਂ ਦੇ ਤਪ ਭਾਵ ਉੱਤਮ ਗੁਰੂ ਦੇ ਗਿਆਨ ਨੂੰ ਪ੍ਰਾਪਤ ਕਰਨ ਵਿਚ ਤੱਤਪਰ ਹੈ। ਹੇ ਪ੍ਰਭੂ! ਤੂੰ ਆਪਣੇ ਭਗਤਾਂ ਨੂੰ ਵਿਕਾਰਾਂ ਦੇ ਡਰ ਤੋਂ ਮੁਕਤ ਕਰਦਾ ਹੈਂ; ਮੈਨੂੰ ਬੇਸਮਝ ਨੂੰ ਵੀ ਇਹਨਾਂ ਤੋਂ ਮੁਕਤ ਕਰਕੇ ਪਰਮ ਅਨੰਦ ਦੀ ਬਖਸ਼ਿਸ਼ ਕਰੋ ਜੀ॥੪॥੧ ॥

**ਹਵਾਲੇ-**
1. ਆਦਿ ਗ੍ਰੰਥ - ਪੰਨਾ 475
2. ਉਹੀ- ਪੰਨਾ- 486

# ਇਟਲੀ ਦੀਆਂ ਸੰਗਤਾਂ ਵਲੋਂ ਧੂੰਮ-ਧਾਮ ਨਾਲ ਮਨਾਇਆ ਗੁਰੂ ਰਵਿਦਾਸ ਦਾ ਅਵਤਾਰ ਪੂਰਵ

**ਮਿਲਾਨ/ਇਟਲੀ** - ਕਾਸ਼ੀ ਵਾਲੇ ਮਹਾਰਾਜ ਦੀਨ ਦੁਨੀਆ ਦੇ ਤਾਰਨਹਾਰੇ ਗੁਰੂ ਰਵਿਦਾਸ ਮਹਾਰਾਜ ਜੀ ਦਾ ਅਵਤਾਰ ਦਿਹਾੜਾ ਇਟਲੀ ਦੀਆਂ ਸੰਗਤਾਂ ਵਲੋਂ ਪੂਰੀ ਸ਼ਰਧਾ ਭਾਵਨਾ ਤੇ ਧੂਮ-ਧਾਮ ਨਾਲ ਇਥੋਂ ਦੇ ਗੁਰਦੁਆਰਾ ਸ੍ਰੀ ਗੋਬਿੰਦਸਰ ਸਾਹਿਬ ਲਵੀਨੀ ਵਿਖੇ ਮਨਾਇਆ ਗਿਆ।ਇਸ ਮਹਾਨ ਦਿਹਾੜੇ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦੇ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਇਕ ਮਹਾਨ ਧਾਰਮਿਕ ਸਮਾਗਮ ਕਰਵਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਪੁੱਜੇ ਵਿਦਵਾਨਾਂ ਵਲੋਂ ਗੁਰੂ ਜੀ ਦੇ ਜੀਵਨਕਾਲ ਨਾਲ ਸਬੰਧਤ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ। ਉਪਰੰਤ ਅਜੀਤ ਸਿੰਘ ਥਿੰਦ ਤੇ ਡਾ. ਬਲਵਿੰਦਰ ਸਿੰਘ ਭਾਗੋਅਰਾਈਆ ਵਲੋਂ ਇਸ ਮਹਾਨ ਰਹਿਬਰ ਦੇ ਜੀਵਨ ਨੂੰ ਦਰਸਾਉਂਦਾ ਇਤਿਹਾਸ ਸੰਗਤਾਂ ਦੇ ਸਨਮੁੱਖ ਪੇਸ਼ ਕੀਤਾ ਗਿਆ। ਪ੍ਰਬੰਧਕਾਂ ਵਲੋਂ ਆਏ ਵਿਦਵਾਨਾਂ ਦਾ ਸਨਮਾਨ੍ਹ ਕਰਨ ਮਗਰੋਂ ਸਮਾਪਤੀ ਅਰਦਾਸ ਕੀਤੀ ਗਈ। ਇਸ ਮੌਕੇ ਰਾਜਵਿੰਦਰ ਸਿੰਘ ਰਾਜਾ,



ਸੁਖਜਿੰਦਰ ਸਿੰਘ ਕਾਲਰੂ, ਕਰਮਜੀਤ ਸਿੰਘ, ਪਲਵਿੰਦਰ ਸਿੰਘ, ਬਲਵਿੰਦਰ ਸਿੰਘ, ਮਲਕੀਤ ਸਿੰਘ, ਤੀਰਥ ਸਿੰਘ ਅਤੇ ਬਲਜਿੰਦਰ ਸਿੰਘ ਉਚੇਚੇ ਤੌਰ 'ਤੇ ਮੌਜੂਦ ਸਨ।ਜਿਨ੍ਹਾਂ ਸਤਿਗੁਰੂ ਰਵਿਦਾਸ ਜੀ ਦੇ ਅਵਤਾਰ ਪੂਰਵ ਦੀਆਂ ਵਧ-ਾਈਆਂ ਦਿੰਦੇ ਆਸ ਪ੍ਰਗਟਾਈ ਕੀ ਸੰਗਤਾਂ ਆਪਸੀ ਭਾਈਚਾਰਕ ਸਾਂਝ ਨੂੰ ਮਜਬੂਤ ਕਰਦਿਆਂ ਸਤਿਗੁਰੂ ਵਲੋਂ ਦਰਸਾਇਆ ਰਸਤਾ ਅਪਨਾਉਣਗੀਆਂ।



# ਬਾਬਾ ਸਾਹਿਬ ਡਾ. ਅੰਬੇਦਕਰ ਨੂੰ ਸ਼ਰਧਾ ਦੇ ਫੁੱਲ

## ਸ੍ਰੀ ਆਰ.ਸੀ.ਪਾਲ (ਸਵਰਗੀ) ਦੁਆਰਾ 'ਦੇਸ਼ ਦੁਆਬਾ' ਨੂੰ ਪਿਛਲੇ ਸਾਲ ਭੇਜੇ ਅਣਛਪੇ ਸ਼ਰਧਾ ਦੇ ਫੁੱਲ




6 ਦਸੰਬਰ 1956 ਨੂੰ ਮੈਂ ਪਟਿਆਲੇ ਵਿਖੇ ਸਰਕਾਰੀ ਨੌਕਰੀ ਤੇ ਲੱਗਾ ਹੋਇਆ ਸੀ। ਉਸ ਦਿਨ ਮੈਂ ਰੇਡੀਓ ਦੇ ਸਾਹਮਣੇ ਬੈਠਾ ਖਾਣਾ ਖਾ ਰਿਹਾ ਸੀ। ਜਦੋਂ ਰੇਡੀਓ ਨੇ ਮਨਹੂਸ ਖ਼ਬਰ ਦਿੱਤੀ ਕਿ ਬਾਬਾ ਸਾਹਿਬ ਡਾ. ਅੰ-ਬੇਡਕਰ ਜੀ ਦਾ ਦੇਹਾਂਤ ਹੋ ਗਿਆ ਹੈ। ਮੇਰੇ ਹੱਥ 'ਚ ਫੜੀ ਹੋਈ ਰੋਟੀ ਦੀ ਬੁਰਕੀ ਇੱਕਦਮ ਥੱਲੇ ਡਿੱਗ ਪਈ ਤੇ ਅੱਖਾਂ ਹੰਝੂਆਂ ਨਾਲ ਭਰ ਆਈਆਂ। ਦਿਲ ਮੰਨ ਨਹੀਂ ਸੀ ਰਿਹਾ ਕਿ ਸਾਡੇ ਮਸੀਹਾ ਐਨੀ ਛੇਤੀ ਸਾਨੂੰ ਵਿਛੋੜਾ ਦੇ ਜਾਣਗੇ। ਉਸ ਅਦੁੱਤੀ ਸ਼ਖਸੀਅਤ, ਜਿਸਨੇ ਸਾਨੂੰ ਪਸ਼ੂਆਂ ਤੋਂ ਵੀ ਬਦਤਰ ਸਮਝੇ ਜਾਣ ਵਾਲਿਆਂ ਨੂੰ ਇਨਸਾਨਾਂ ਦੀ ਕਤਾਰ ਵਿਚ ਖੜ੍ਹਾ ਕਰਵਾਇਆ ਤੇ ਮਨੁੱਖਤਾ ਦੇ ਸਾਰੇ ਅਧਿਕਾਰਾਂ ਦੀ ਸਾਂਝ ਦੁਆਈ, ਸਾਥੋਂ ਵਿਛੜ ਗਏ। ਸਾਨੂੰ ਰਾਜਸੀ, ਸਮਾਜੀ ਤੇ ਆਰਕਿਕ ਬਰਾਬਰੀ ਦੇ ਹੱਕ ਦਿਵਾਉਣ ਵਾਲੇ ਸਾਡੇ ਵਿਚ ਨਹੀਂ ਰਹੇ।

ਉਹਨਾਂ ਦੇ ਵਾਕ 'ਪੜ੍ਹੋ ਲਿਖੋ, ਕੱਠੇ ਹੋਵੋ ਤੇ ਸੰਘਰਸ਼ ਕਰੋ'। ਉਹਨਾਂ ਦਾ ਕਹਿਣਾ 'ਖੁਸੇ ਹੋਏ ਹੱਕ, ਜਾਬਰਾਂ ਤੋਂ ਭੀਖ ਮੰਗਣ ਵਾਂਗ ਮੰਗਿਆਂ ਨਹੀਂ ਮਿਲਦੇ। ਇਹ ਲਗਾਤਾਰ ਅਣਥੱਕ ਜੱਦੋ-ਜਹਿਦ ਕਰਨ ਨਾਲ ਲਏ ਜਾਂਦੇ ਹਨ। ਉਹਨਾਂ ਦਾ ਫੁਰਮਾਨ 'ਆਪਣੇ ਘਰਾਂ ਦੀਆਂ ਕੰਧਾਂ ਤੇ ਇਹ ਲਿਖ ਲਓ ਕਿ ਅਸੀਂ ਪਿਛਲੇ ਸਮੇਂ 'ਦਾਸ' (ਗੁਲਾਮ) ਸੀ। ਪਰ ਆਣ ਵਾਲੇ ਸਮਿਆਂ ਵਿਚ ਹਾਕਮ ਬਣਾਂਗੇ, ਕਿੰਨੇ ਹੀ ਵਡਮੁੱਲੇ ਹਨ।

ਹਿੰਦੂਧਰਮਦੇ ਵੇਦਾਂ, ਪੁਰਾਣਾਂ, ਸ਼ਰੁਤੀਆਂ, ਸਿਮਰਤੀਆ, ਜਿਹਨਾ ਨੇ ਆਦਿ ਵਾਸੀਆਂ ਦਾ ਪਤਨ ਕੀਤਾ ਤੇ ਇਹਨਾਂ ਨੂੰ ਅਛੂਤ ਕਰਾਰ ਦਿੱਤਾ, ਦਾ ਘੋਰ ਅਧਿਐਨ ਕਰਨ ਪਿੱਛੋਂ ਮਿਤੀ 13 ਅਕਤੂਬਰ 1935 ਨੂੰ ਬਿਓਲਾ ਕਾਨਫਰੰਸ ਵਿਚ ਬਾਬਾ ਸਾਹਿਬ ਨੇ ਇਹ ਸ਼ਪਤ ਲਈ ਕਿ ਭਾਵੇਂ ਮੈਂ ਹਿੰਦੂ ਜੰਮਿਆ ਹਾਂ ਪਰ ਹਿੰਦੂ ਮਰਾਂਗਾ ਨਹੀਂ। ਮਿਤੀ 14 ਅਕਤੂਬਰ 1956 ਨੂੰ ਦੁਸ਼ਹਿਰੇ ਵਾਲੇ ਦਿਨ ਉਹਨਾਂ ਨੇ ਨਾਗਪੁਰ ਵਿਖੇ ਹਜ਼ਾਰਾਂ ਰੋਹਨਾ ਦੀ ਸੰਖਿਆਂ ਦੇ ਬੁੱਧ ਧਰਮ ਅਖ਼ਤਿਆਰ ਕੀਤਾ। ਉਸੇ ਸਾਲ ਉਹ ਅੱਜ ਦੇ ਦਿਨ 6 ਦਸੰਬਰ 1956 ਨੂੰ ਸਵਰਗ ਸਿਧਾਰ ਗਏ ਤੇ ਖਾਧੀ ਹੋਈ ਸਹੁੰ ਨੂੰ ਪੂਰਾ ਕਰਕੇ ਦਿਖਾ ਦਿੱਤਾ।

ਆਓ ਅੱਜ ਅਸੀਂ ਉਹਨਾਂ ਦੀਆਂ ਕਹਿਣ-ਿਆਂ ਅਤੇ ਕਥਨੀਆਂ ਨੂੰ ਯਾਦ ਕਰੀਏ ਤੇ ਉਹਨਾਂ ਤੇ ਅਮਲ ਕਰੀਏ। ਇਹੀ ਸਭ ਤੋਂ ਵੱਡੀ ਉਹਨਾਂ ਦੇ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

**ਜੈ ਭੀਮ, ਜੈ ਭਾਰਤ**

# ਸੰਵਿਧਾਨ ਦੀ ਅਣਦੇਖੀ ਨਾਲ ਕਮਜ਼ੋਰ ਹੋਵੇਗਾ ਦੇਸ਼: ਮੁਖਰਜੀ

ਨਵੀਂ ਦਿੱਲੀ- ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਅੱਜ ਕਿਹਾ ਕਿ ਸੰਵਿਧਾਨ 'ਚ ਕੀਤੀਆਂ ਗਈਆਂ ਵਿਵਸਥਾਵਾਂ ਅਤੇ ਸਿਧਾਂਤਾਂ ਦੀ ਕਿਸੇ ਵੀ ਤਰ੍ਹਾਂ ਦੀ ਅਣਦੇਖੀ ਨਾਲ ਦੇਸ਼ ਦਾ ਲੋਕਤੰਤਰਿਕ ਤਾਣਾ-ਬਾਣਾ ਕਮਜ਼ੋਰ ਹੋਵੇਗਾ ਅਤੇ ਇਸ ਨਾਲ



ਨਾਗਰਿਕਾਂ ਦੀ ਆਰਥਿਕ, ਸਮਾਜਿਕ ਅਤੇ ਸਿਆਸੀ ਭਲਾਈ ਨੂੰ ਖਤਰਾ ਪੈਦਾ ਹੋ ਜਾਵੇਗਾ। ਸ਼੍ਰੀ ਮੁਖਰਜੀ ਨੇ ਇੱਥੇ ਰਾਸ਼ਟਰਪਤੀ ਭਵਨ ਵਿਚ ਰਾਜਪਾਲਾਂ ਦੇ 46ਵੇਂ ਸੰਮੇਲਨ ਦਾ ਉਦਘਾਟਨ ਕਰਦੇ ਹੋਏ ਕਿਹਾ ਕਿ ਭਾਰਤ ਦਾ ਸੰਵਿਧਾਨ ਇਕ ਅਜਿਹਾ ਦਸਤਾਵੇਜ਼ ਹੈ ਜੋ ਸਰਕਾਰ ਚਲਾਉਣ ਲਈ ਢਾਂਚਾ ਮੁਹੱਈਆ ਕਰਵਾਉਂਦਾ ਹੈ। ਦੇਸ਼ ਦਾ ਹਰ ਨਾਗਰਿਕ ਸੰਵਿਧਾਨ ਨੂੰ ਆਪਣੀ ਆਜ਼ਾਦੀ ਅਤੇ ਬਰਾਬਰੀ ਦੀ ਗਾਰੰਟੀ ਦਾ ਦਸਤਾਵੇਜ਼ ਮੰਨਦਾ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਮੁੱਖ ਤੌਰ 'ਤੇ ਇਹ ਯਕੀਨੀ ਬਣਾਉਣਾ ਰਾਜਪਾਲਾਂ ਅਤੇ ਉਪ ਰਾਜਪਾਲਾਂ ਦੀ ਜ਼ਿੰਮੇਵਾਰੀ ਹੈ ਕਿ ਕੰਮਕਾਜ ਸੰਵਿਧਾਨ ਦੇ ਅਨੁਸਾਰ ਚੱਲੇ। ਸ਼ਾਂਤੀ ਅਤੇ ਭਾਈਚਾਰਕ ਮਾਹੌਲ ਬਣਾਈ ਰੱਖਿਆ ਜਾਣਾ ਚਾਹੀਦਾ ਹੈ।

ਉੱਤਰ ਪੂਰਬ ਦੇ ਵਿਕਾਸ ਨੂੰ ਪਹਿਲ ਦਿੱਤੇ ਜਾਣ ਦੀ ਵਕਾਲਤ ਕਰਦੇ ਹੋਏ ਰਾਸ਼ਟਰਪਤੀ ਨੇ ਕਿਹਾ ਕਿ ਮੁੱਢਲੇ ਢਾਂਚੇ ਦੇ ਵਿਕਾਸ ਤੇ ਸੈਰ-ਸਪਾਟੇ ਦੀਆਂ ਸਮਰਥਾਵਾਂ ਦੀ ਵਰਤੋਂ ਕਰਨ ਲਈ ਬਹੁਤ ਕੁਝ ਕੀਤੇ ਜਾਣ ਦੀ ਲੋੜ ਹੈ। ਅਸਾਮ ਵਿਚ ਜਾਤੀ ਹਿੰਸਾ ਨਾਲ ਅਸਰਦਾਇਕ ਢੰਗ ਨਾਲ ਨਜੀਠਿਆ ਜਾਣਾ ਚਾਹੀਦਾ ਹੈ। ਖਾਸ ਕਰਕੇ ਬੋਡੋ ਅਤੇ ਗੈਰ ਬੋਡੋ ਵਰਗਾਂ ਵਿਚਾਲੇ ਝੜਪਾਂ ਦੀ ਸਾਜ਼ਿਸ਼ ਨੂੰ ਅਸਫਲ ਕੀਤਾ ਜਾਣਾ ਚਾਹੀਦਾ ਹੈ। ਬੋਡੋ ਲੋਕਾਂ ਦੇ ਵਿਕਾਸ ਦੀ ਮੰਗ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਣਾ ਚਾਹੀਦਾ ਹੈ। ਫਿਰਕੂਪੁਣੇ ਦੀ ਨਫਰਤ ਨੂੰ ਕਿਸੇ ਵੀ ਹਾਲਤ ਵਿਚ ਫੈਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

ਸ਼੍ਰੀ ਮੁਖਰਜੀ ਨੇ ਕਿਹਾ ਕਿ ਭਾਰਤ ਸਾਰੇ ਦੇਸ਼ਾਂ ਨਾਲ ਸ਼ਾਂਤੀਪੂਰਨ ਸਬੰਧਾਂ ਦੀ ਨੀਤੀ 'ਤੇ ਯਕੀਨ ਕਰਦਾ ਹੈ। ਸਾਰੇ ਗੁਆਂਢੀ ਦੇਸ਼ਾਂ ਨਾਲ ਸਰਹੱਦ ਅਤੇ ਹੋਰਨਾਂ ਝਗੜਿਆਂ ਨੂੰ ਸ਼ਾਂਤੀਪੂਰਨ ਢੰਗ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ।

# ਜਨਤਾ ਦਾ ਮੂਡ ਨਹੀ ਸਮਝ ਸਕੀ ਭਾਜਪਾ


ਨਵੀਂ ਦਿੱਲੀ- ਭਾਜਪਾ ਨੇ ਦਿੱਲੀ ਵਿਧਾਨਸਭਾ ਚੋਣ 'ਚ ਪਾਰਟੀ ਦੀ ਜ਼ਬਰਦਸਤ ਹਾਰ ਨੂੰ ਸਵੀਕਾਰ ਕਰਦੇ ਹੋਏ ਅੱਜ ਕਿਹਾ ਕਿ ਉਹ ਜਨਤਾ ਦੇ ਮੂਡ ਨੂੰ ਨਹੀਂ ਸਮਝ ਸਕੀ। ਕੇਂਦਰੀ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਨੇਤਾ ਰਵੀ ਸ਼ੰਕਰ ਪ੍ਰਸਾਦ ਨੇ ਚੋਣ ਨਤੀਜੇ 'ਤੇ ਆਪਣੀ ਪ੍ਰਤੀਕਿਰਿਆ ਵਿਅਕਤ ਕਰਦੇ ਹੋਏ ਕਿ ਆਮ ਆਦਮੀ ਪਾਰਟੀ ਨੂੰ ਇਤਿਹਾਸਤ ਜਿੱਤ ਮਿਲੀ ਹੈ। ਉਨ੍ਹਾਂ ਨੇ ਅਰਵਿੰਦ ਕੇਜਰੀਵਾਲ ਨੂੰ ਵਧਾਈ ਦਿੰਦੇ ਹੋਏ ਹੁਣ ਉਹ ਇੱਥੇ ਸੁਸ਼ਾਸਨ ਦੇਣ। ਪ੍ਰਸਾਦ ਨੇ ਕਿਹਾ ਕਿ ਆਪ ਨੇ ਦਿੱਲੀ ਦੀ ਜਨਤਾ ਨਾਲ ਜੋ ਵਾਅਦੇ ਕੀਤੇ ਹਨ ਉਸ ਨੂੰ ਪੂਰਾ ਕਰਨ ਅਤੇ ਕੇਂਦਰ ਸਰਕਾਰ ਬਿਨਾਂ ਰਾਜਨੀਤੀਕ ਮਤਭੇਦ ਦੇ ਦਿੱਲੀ ਦੇ ਵਿਕਾਸ ਨਾਲ ਹਮੇਸ਼ਾ ਸਹਿਯੋਗ ਕਰੇਗੀ। ਉਨ੍ਹਾਂ ਨੇ ਕਿਹਾ ਕਿ ਪਿਛਲੀ ਲੋਕਸਭਾ ਚੋਣ 'ਚ ਦਿੱਲੀ 'ਚ ਭਾਜਪਾ ਨੂੰ ਇਤਿਹਾਸਕ ਜਿੱਤ ਮਿਲੀ ਸੀ ਪਰ ਵਿਧਾਨਸਭਾ ਚੋਣ 'ਚ ਇੱਥੇ ਦੇ ਲੋਕਾਂ ਨੇ ਆਪ ਦੇ ਪੱਖ 'ਚ ਵੋਟਿੰਗ ਕੀਤੀ।

# ਕੇਜਰੀਵਾਲ ਨੇ ਰੇਡੀਓ 'ਤੇ ਦਿੱਤਾ ਦਿੱਲੀ ਵਾਲਿਆਂ ਨੂੰ ਸਹੁੰ ਚੁੱਕ ਸਮਾਰੋਹ ਦਾ ਸੱਦਾ

ਨਵੀਂ ਦਿੱਲੀ- ਭਾਜਪਾ ਨੇ ਦਿੱਲੀ ਵਿਧਾਨਸਭਾ ਚੋਣ 'ਚ ਪਾਰਟੀ ਦੀ ਜ਼ਬਰਦਸਤ ਹਾਰ ਨੂੰ ਸਵੀਕਾਰ ਕਰਦੇ ਹੋਏ ਅੱਜ ਕਿਹਾ ਕਿ ਉਹ ਜਨਤਾ ਦੇ ਮੂਡ ਨੂੰ ਨਹੀਂ ਸਮਝ ਸਕੀ। ਕੇਂਦਰੀ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਨੇਤਾ ਰਵੀ ਸ਼ੰਕਰ ਪ੍ਰਸਾਦ ਨੇ ਚੋਣ ਨਤੀਜੇ 'ਤੇ ਆਪਣੀ ਪ੍ਰਤੀਕਿਰਿਆ ਵਿਅਕਤ ਕਰਦੇ ਹੋਏ ਕਿ ਆਮ ਆਦਮੀ ਪਾਰਟੀ ਨੂੰ ਇਤਿਹਾਸਤ ਜਿੱਤ ਮਿਲੀ ਹੈ। ਉਨ੍ਹਾਂ ਨੇ ਅਰਵਿੰਦ ਕੇਜਰੀਵਾਲ ਨੂੰ ਵਧਾਈ ਦਿੰਦੇ ਹੋਏ ਹੁਣ ਉਹ ਇੱਥੇ ਸੁਸ਼ਾਸਨ ਦੇਣ। ਪ੍ਰਸਾਦ ਨੇ ਕਿਹਾ ਕਿ ਆਪ ਨੇ ਦਿੱਲੀ ਦੀ ਜਨਤਾ ਨਾਲ ਜੋ ਵਾਅਦੇ ਕੀਤੇ ਹਨ ਉਸ ਨੂੰ ਪੂਰਾ ਕਰਨ ਅਤੇ ਕੇਂਦਰ ਸਰਕਾਰ ਬਿਨਾਂ ਰਾਜਨੀਤੀਕ ਮਤਭੇਦ ਦੇ ਦਿੱਲੀ ਦੇ ਵਿਕਾਸ ਨਾਲ ਹਮੇਸ਼ਾ ਸਹਿਯੋਗ ਕਰੇਗੀ। ਉਨ੍ਹਾਂ ਨੇ ਕਿਹਾ ਕਿ ਪਿਛਲੀ ਲੋਕਸਭਾ ਚੋਣ 'ਚ ਦਿੱਲੀ 'ਚ ਭਾਜਪਾ ਨੂੰ ਇਤਿਹਾਸਕ ਜਿੱਤ ਮਿਲੀ ਸੀ ਪਰ ਵਿਧਾਨਸਭਾ ਚੋਣ 'ਚ ਇੱਥੇ ਦੇ ਲੋਕਾਂ ਨੇ ਆਪ ਦੇ ਪੱਖ 'ਚ ਵੋਟਿੰਗ ਕੀਤੀ।


ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੀਫੋਰਨੀਆ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਮਾਰਚ 1, 2015 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀਆਂ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਆਰੰਭ ਸ੍ਰੀ ਅਖੰਡ ਪਾਠ ਸਾਹਿਬ 27 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 11.00 ਵਜੇ
28 ਫਰਵਰੀ (ਦਿਨ ਸ਼ਨੀਚਰਵਾਰ) ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ
ਭੋਗ ਸ੍ਰੀ ਅਖੰਡ ਪਾਠ ਸਾਹਿਬ 1 ਮਾਰਚ 2015 ਐਤਵਾਰ, ਸਵੇਰੇ 9.30 ਵਜੇ

ਇਸ ਮੌਕੇ ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਵਿਦਵਾਨ ਬੁਲਾਰੇ ਗੁਰੂ ਮਹਾਰਾਜ ਜੀ ਦੇ ਮਿਸ਼ਨ ਅਤੇ ਗੁਰਬਾਣੀ ਤੇ ਚਾਨਣਾ ਪਾਉਣਗੇ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਣਗੇ

559-486-3091

ਸਮੂਹ ਪ੍ਰਬੰਧਕ ਕਮੇਟੀ

Shri Guru Ravidass Sabha (CV) Fresno (California)
5025 S. Cherry Ave., Fresno (California) 93706

# “ਅਮਰੀਕਾ ’ਚ ਗੁਲਾਮਾਂ ਨੂੰ ਆਜ਼ਾਦ ਕਰਵਾਉਣ ਵਾਲਾ”


# ਰਾਸ਼ਟਰਪਤੀ ਐਬਰਾਹੀਮ ਲਿੰਕਨ



ਪ੍ਰੋ: ਜਸਵੀਰ ਸਿੰਘ ਉਭੀ- ਅਜਨੋਹਾ
ਸ਼ਹੀਦ ਭਾਈ ਮਨੀ ਸਿੰਘ ਸੁਸਾਇਟੀ
email: Jassyu 2000@yahoo.com

ਅੱਜ ਅਸੀਂ ਅਮਰੀਕਾ ਵਿਚ ’ਨਸਲੀ ਪੱਖਪਾਤ’ ਦੀ ਗੱਲ ਕਰਦੇ ਹਾਂ, ਸਮਾਂ ਸੀ ਭਾਰਤੀ, ਚੀਨੀ ਅਤੇ ਜੋ ਚਿੱਟੇ ਨਹੀਂ ਸਨ, ਅਮਰੀਕਾ ਦੇ ਵਾਸ਼ਿੰਦੇ ਨਹੀਂ ਬਣ ਸਕਦੇ ਸਨ। ਅਫ਼ਰੀਕਾ ਤੋਂ ਕਾਲੇ ਲੋਕਾਂ ਨੂੰ ਲਿਆ ਕੇ ਮੰਡੀਆਂ ਵਿਚ ਪਸ਼ੂਆਂ ਵਾਂਗ ਵੇਚਿਆ ਜਾਂਦਾ ਸੀ। ਚਿੱਟੀਆਂ ਔਰਤਾਂ ਨੂੰ ਵੋਟਾਂ ਪਾਉਣ ਦਾ ਹੱਕ ਨਹੀਂ ਸੀ। ਅਮਰੀਕਾ ਦੇ ਦੱਖਣੀ ਪ੍ਰਾਂਤਾਂ ਵਿਚ ਕਾਲਿਆਂ ਦੀ ਗੁਲਾਮੀ ਦੀ ਪ੍ਰਥਾ ਮੌਜੂਦ ਸੀ, ਕਿਉਂਕਿ ਕਪਾਹ ਦੀ ਲਾਹੇਵੰਦ ਫਸਲ ਵਾਸਤੇ ਸਸਤੇ ਖੇਤ ਮਜ਼ਦੂਰਾਂ ਦੀ ਜ਼ਰੂਰਤ ਜ਼ਿਆਦਾ ਸੀ। ਕਾਲੇ ਲੋਕਾਂ ਦੇ ਪਰਿਵਾਰਾਂ ਦੀ ਮੌਜੂਦਾ ਪਰਿਵਾਰਕ ਬਣਤਰ ਨਹੀਂ ਸੀ। ਬਹੁਤ ਸਾਰੀ ਜ਼ਮੀਨ ਬੇਆਬਾਦ ਸੀ। ਉਸ ਵਕਤ ਅਮਰੀਕਾ ਦੇ 33 ਪ੍ਰਾਂਤਾਂ ਵਿਚੋਂ ਦੱਖਣ ਦੇ 15 ਪ੍ਰਾਂਤ ਕਾਨੂੰਨੀ ਤੌਰ ਤੇ ਗੁਲਾਮ ਰੱਖ ਸਕਦੇ ਸਨ। ਇਸ ਮੁੱਦੇ ਉਤੇ ਉੱਤਰੀ ਅਤੇ ਦੱਖਣੀ ਪ੍ਰਾਂਤਾਂ ਵਿਚਕਾਰ ਖਿੱਚੋਤਾਣ ਪੈਦਾ ਹੋ ਗਈ। ਉੱਤਰੀ ਪ੍ਰਾਂਤਾਂ ਦੇ ਫੈਕਟਰੀਆਂ ਦੇ ਮਾਲਕਾਂ ਵਾਸਤੇ ਆਜ਼ਾਦ ਅਤੇ ਸਸਤੇ ਕਾਮਿਆਂ ਦੀ ਲੋੜ ਪੈਦਾ ਹੋਈ। ਇਸ ਸਮੇਂ ਦੌਰਾਨ 1860 ਈ: ਨੂੰ ਐਬਰਾਹੀਮ ਲਿੰਕਨ ਨੇ ਸਟੈਫਨ ਡਗਲਸ ਨੂੰ ਹਰਾ ਕੇ ਅਮਰੀਕਾ ਦੇ 16ਵੇਂ ਰਾਸ਼ਟਰਪਤੀ ਵਜੋਂ ਜਿੱਤ ਪ੍ਰਾਪਤ ਕੀਤੀ। ਨਾਲ ਹੀ 1681 ਨੂੰ ਉੱਤਰੀ ਅਤੇ ਦੱਖਣੀ ਪ੍ਰਾਂਤ ਵਿਚਕਾਰ ਅਮਰੀਕਾ ਦੀ ਅੰਦਰੂਨੀ ਜੰਗ ਸ਼ੁਰੂ ਹੋ ਗਈ। ਗੁਲਾਮ ਰੱਖਣ ਦੇ ਹੱਕ ਵਾਲੇ ਪ੍ਰਾਂਤਾਂ ਨੇ ਕਨਫੈਡਰੇਸ਼ਨ ਪ੍ਰਾਂਤ ਆਫ ਅਮਰੀਕਾ ਦਾ ਰਾਸ਼ਟਰਪਤੀ ਜੈਫਰੀਸਨ ਡੇਵਿਡ ਨੂੰ ਚੁਣ ਲਿਆ।

ਕਨਫੈਡਰੇਸ਼ਨ ਅਤੇ ਯੂਰਪੀਅਨ ਫੌਜਾਂ ਵਿਚਕਾਰ ਚੱਲ ਰਹੀ ਲੜਾਈ ਦੌਰਾਨ ਪ੍ਰੈਜ਼ੀਡੈਂਟ ਲਿੰਕਨ ਨੇ Emencipation Proclamation" ਕਰ ਦਿੱਤਾ ਕਿ ਕਨਫੈਡਰੇਸ਼ਨ ਦੇ ਪ੍ਰਾਂਤਾਂ ਦੇ ਕਾਲੇ ਗੁਲਾਮ ਆਜ਼ਾਦ ਹਨ। ਹੁਣ ਗੁਲਾਮ ਕਾਲਿਆਂ ਨੇ ਵੀ ਯੂਨੀਅਨ ਫੌਜਾਂ ਦੇ ਹੱਕ ਵਿਚ ਜੰਗਾਂ ਲੜਨੀਆਂ ਸ਼ੁਰੂ ਕੀਤੀਆਂ। ਗੈਟੀਸਬਰਗ ਪੈਨਸਲਵੇਨੀਆ ਦੀ ਮਹਾਨ ਮੈਦਾਨੀ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਰਾਸ਼ਟਰਪਤੀ ਲਿੰਕਨ ਨੇ 3 ਮਿੰਟਾਂ ਦੀ ਤਕਰੀਰ ਦਿੱਤੀ, ਜਿਸ ਨੂੰ ਅੱਜ ਆਪਾਂ ਗੈਟੀਸਬਰਗ ਤਕਰੀਰ ਦੇ ਨਾਂ ਨਾਲ ਜਾਣਦੇ ਹਾਂ। ਇਸ 4 ਸਾਲਾਂ ਦੀ ਲੰਮੀ ਜੰਗ ਦੌਰਾਨ ਲਿੰਕਨ ਜ਼ਖਮੀ ਸੈਨਿਕਾਂ ਨੂੰ ਹਸਪਤਾਲਾਂ ਵਿਚ ਵੇਖਣ ਜਾਂਦਾ। ਫੌਜੀਆਂ ਦੇ ਪਰਿਵਾਰਾਂ ਨੂੰ ਚਿੱਠੀਆਂ ਲਿਖਦਾ। ਜਦੋਂ ਸੈਨਿਕਾਂ ਨੂੰ ਵੇਖਦਾ, ਆਪਣੀ ਟੋਪੀ ਲਾਹ ਕੇ ਸਲਾਮ ਕਰਦਾ। ਅਖੀਰ 9 ਅਪ੍ਰੈਲ 1665 ਨੂੰ ਕਨਫੈਡਰੇਸ਼ਨ ਫੌਜ ਦੇ ਮੁਖੀ ਜਨਰਲ ਰਾਬਰਟ ਲੀ ਨੇ ਯੂਨੀਅਨ ਫੌਜ ਦੇ ਮੁਖੀ ਜਨਰਲ ਉਡੇਸ਼ੀ ਗਰਾਂਟ ਅੱਗੇ ਹਥਿਆਰ ਸੁੱਟ ਦਿੱਤੇ। ਜੰਗ ਖਤਮ ਹੋਣ ਨਾਲ ਰਾਸ਼ਟਰਪਤੀ ਲਿੰਕਨ ਨੂੰ ਸ਼ਾਂਤੀ ਅਤੇ ਖੁਸ਼ੀ ਪ੍ਰਾਪਤ ਹੋਈ। ਐਬਰਾਹੀਮ ਲਿੰਕਨ ਦਾ ਜਨਮ ਫਰਵਰੀ 12, 1809 ਈ: ਨੂੰ ਮਾਤਾ ਨੈਨਸੀ ਅਤੇ ਪਿਤਾ ਥੋਮਸ ਲਿੰਕਨ ਦੇ ਘਰ ਕੰਨਟੈਕੀ ਪ੍ਰਾਂਤ ਵਿਖੇ ਹੋਇਆ। ਭੈਣ ਸਾਰਾ, ਐਬਰਾਹੀਮ, ਮਾਤਾ ਅਤੇ ਪਿਤਾ ਇਕ ਕਮਰੇ ਵਾਲੇ ਮਕਾਨ ਵਿਚ ਰਹਿੰਦੇ ਸਨ। ਪਿਤਾ ਤਰਖਾਣੇ ਦਾ ਕੰਮ ਕਰਦਾ ਸੀ। ਐਬੀ ਬਚਪਨ ਤੋਂ ਹੀ ਆਮ ਲੋਕਾਂ ਦੇ ਦੁੱਖਾਂ ਦਾ ਸਾਂਝੀ ਅਤੇ ਮਦਦ ਕਰਨ ਦੀਆਂ ਰੁਚੀਆਂ ਦਾ ਮਾਲਕ ਸੀ। ਹਰੇਕ ਚੀਜ਼ ਨਿਰੀਖਣ ਕਰਨਾ, ਵੱਧ ਤੋਂ ਵੱਧ ਜਾਨਣ ਦੀਆਂ ਕੋਸ਼ਿਸ਼ਾਂ, ਕਹਾਣੀਆਂ ਸੁਣਨੀਆਂ ਅਤੇ ਸੁਣਾਉਣੀਆਂ ਆਦਿ ਸ਼ੌਂਕ ਸਨ। ਪਿਤਾ ਅਨਪੜ੍ਹ ਸੀ, ਐਬੀ ਨੂੰ ਸਕੂਲ ਜਾਣਾ ਦਾ ਮੌਕਾ ਬਹੁਤ ਘੱਟ ਮਿਲਦਾ। ਪਿਤਾ ਨਾਲ ਕੰਮ ਕਰਵਾਉਂਦਾ। ਘਰ ਦੇ ਨਜ਼ਦੀਕ ਸੜਕ ਤੋਂ ਗੋਰੇ ਅਤੇ ਕਾਲਿਆਂ ਦੇ ਕਾਫਲਿਆਂ ਨੂੰ ਲੰਘਦੇ ਵੇਖਦਾ। ਪੜ੍ਹਨਾ ਸਿੱਖਣ ਵਾਸਤੇ ਇਕ ਹੀ ਕਿਤਾਬ -ਬਾਈਬਲ (ਅੰਜੀਲ) ਹੀ ਸੀ।



ਐਬੀ 7 ਸਾਲਾਂ ਦਾ ਸੀ ਕਿ ਪਿਤਾ ਨੇ ਜੋ ਜ਼ਮੀਨ ਖਰੀਦੀ ਸੀ, ਉਸ ਵਿਚ ਧੋਖਾ ਹੋ ਗਿਆ। ਨਾਲ ਹੀ ਪਿਤਾ ਨੇ ਕਾਲਿਆਂ ਦੀ ਗੁਲਾਮੀ ਵਾਲੇ ਪ੍ਰਾਂਤ ਕੰਨਟੈਕੀ ਨੂੰ ਛੱਡ ਕੇ ਇੰਡੀਆਨਾ ਪ੍ਰਾਂਤ ਦੇ ਇਲਾਕੇ ਪਿਜਨ ਕ੍ਰੀਕ ਨਜ਼ਦੀਕ ਹੋਰ ਜ਼ਮੀਨ ਖਰੀਦ ਲਈ। ਪਰਿਵਾਰ ਇੱਥੇ ਆ ਕੇ ਵੱਸ ਗਿਆ। ਅੱਤ ਦੀ ਸਰਦੀ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਐਬੀ ਛੋਟਾ ਹੋਣ ਦੇ ਬਾਵਜੂਦ ਆਪਦੇ ਪਿਤਾ ਨਾਲ ਜਵਾਨਾਂ ਵਾਂਗ ਕੰਮ ਕਰਦਾ, ਦਰਖਤ ਕੱਟਣੇ, ਜੜ੍ਹਾਂ ਕੱਢਣੀਆਂ, ਜ਼ਮੀਨ ਨੂੰ ਖੇਤੀ ਦੇ ਯੋਗ ਬਣਾਉਣਾ ਆਦਿ। ਇੱਥੇ ਛੋਟਾ ਘਰ ਬਣਾ ਲਿਆ, ਗਾਈਆਂ ਅਤੇ ਸੂਰ ਵੀ ਖਰੀਦ ਲਏ।

ਪਰਿਵਾਰ ਦਾ ਇਕੱਲਾਪਣ ਘਟ ਗਿਆ। ਇਹ ਖੁਸ਼ੀਆਂ ਭਰਪੂਰ ਸਮਾਂ ਬਹੁਤੀ ਦੇਰ ਨਾ ਰਿਹਾ। ਮਾਸੀ, ਮਾਸੜ ਅਤੇ ਫਿਰ ਮਾਤਾ ਦੀ ਗਾਈਆਂ ਦੇ ਦੁੱਧ ਤੋਂ ਸ਼ੁਰੂ ਹੋਈ ਬਿਮਾਰੀ ਨਾਲ ਮੌਤ ਹੋ ਗਈ।

ਸਾਲ ਪਿੱਛੋਂ ਪਿਤਾ ਨੇ ਜਿਸ ਔਰਤ ਨਾਲ ਸ਼ਾਦੀ ਕੀਤੀ, ਇਹ ਐਬੀ ਅਤੇ ਪਰਿਵਾਰ ਵਾਸਤੇ ਬਹੁਤ ਅੱਛੇ ਸੁਭਾਅ ਦੀ ਔਰਤ ਸੀ। ਇਸ ਨੇ ਐਬੀ ਦੀ ਤੀਖਣ ਬੁੱਧੀ ਨੂੰ ਭਾਂਪਦੇ ਹੋਏ 11 ਸਾਲਾਂ ਦੀ ਉਮਰ ਵਿਚ ਦੁਬਾਰਾ ਸਕੂਲ ਭੇਜਣਾ ਸ਼ੁਰੂ ਕੀਤਾ। ਦਿਨੇ ਆਪਦੇ ਪਿਤਾ ਨਾਲ ਕੰਮ ਕਰਾਉਂਦਾ, ਰਾਤੀ ਅੱਗ ਅੱਗੇ, ਅੱਗ ਦੀ ਰੌਸ਼ਨੀ ਨਾਲ ਕਿਤਾਬਾਂ ਪੜ੍ਹਦਾ। ਰਾਸ਼ਟਰਪਤੀ ਜਾਰਜ ਵਾਸ਼ਿੰਗਟਨ ਅਤੇ ਇੰਡੀਆਨਾ ਪ੍ਰਾਂਤ ਦੇ ਕਾਨੂੰਨਾਂ ਬਾਰੇ ਕਿਤਾਬਾਂ ਪੜ੍ਹੀਆਂ। ਹੁਣ 19 ਸਾਲਾਂ ਦਾ ਐਬੀ ਤਕੜਾ ਅਤੇ 6 ਫੁੱਟ 4 ਇੰਚ ਲੰਮਾ ਮਰਦ ਬਣ ਗਿਆ। ਐਬਰਾਹੀਮ ਦੂਸਰੇ ਕਿਸਾਨ ਦੇ ਪੁੱਤਰ ਨਾਲ ਕਿਸ਼ਤੀ ਰਾਹੀਂ ਓਹਾਇਓ ਅਤੇ ਮਿਸੀਸਿਪੀ ਦਰਿਆ ਦੁਆਰਾ ਸ਼ਹਿਰ ਨਿਊ-ਉਰੀਲਨ ਫਸਲਾਂ ਵੇਚਣ ਗਿਆ। ਗੁਲਾਮਾਂ ਦੀ ਮੰਡੀ ਵੇਖੀ ਤਾਂ ਬਹੁਤ ਉਦਾਸ ਹੋ ਗਿਆ। ਵਾਪਸ ਆ ਕੇ ਇਲੀਨੋਇਸ ਪ੍ਰਾਂਤ ਜਾ ਕੇ ਰਹਿਣ ਲੱਗ ਪਿਆ। ਇੱਥੇ 6 ਸਾਲ ਸਟੋਰ, ਆਟਾ ਮਿਲ, ਨਕਸ਼ਾ ਨਵੀਸ, ਡਾਕੀਏ ਆਦਿ ਦੇ ਕੰਮ ਕੀਤੇ। ਇੱਥੋਂ ਦੇ ਲੋਕ ਇਸ ਦੀ ਇਮਾਨਦਾਰੀ ਅਤੇ ਮਦਦ ਕਰਨ ਵਾਲੇ ਸੁਭਾਅ ਤੋਂ ਪ੍ਰਭਾਵਿਤ ਸਨ। ਅਖ਼ਬਾਰਾਂ ਪੜ੍ਹਨ ਨਾਲ ਸਿਆਸਤ ਤੋਂ ਜਾਣੂ ਹੋ ਗਿਆ। ਬਲੈਕ ਹਾਕ ਇੰਡੀਅਨ ਕਬੀਲਿਆਂ ਨਾਲ ਜੰਗ ਦੌਰਾਨ ਇੱਥੋਂ ਦੀ ਫੌਜ ਵਿਚ ਭਰਤੀ ਹੋ ਗਿਆ। 1834 ਨੂੰ ਇਲੀਨੋਇਸ ਦੀ ਵਿਧਾਨ ਸਭਾ ਦੀ ਚੋਣ ਜਿੱਤੀ। ਵਕਾਲਤ ਪਾਸ ਕਰਨ ਪਿੱਛੋਂ ਸਿਰਫ ਸੱਚੇ ਕੇਸਾਂ ਦੀ ਹੀ ਵਕਾਲਤ ਕਰਦਾ ਸੀ। ਇੱਥੋਂ ਦੀ ਰਾਜਧਾਨੀ ਵੈਨਡਾਲੀਆ ਤੋਂ ਸਪਰਿੰਗ ਫੀਲਡ ਲਿਆਉਣ ਵਿਚ ਯੋਗਦਾਨ ਪਾਇਆ। ਇੱਥੇ ਹੀ ਮੇਰੀ ਟੋਡ ਨਾਂ ਦੀ ਔਰਤ ਨਾਲ ਵਿਆਹ ਪਿੱਛੋਂ 4 ਪੁੱਤਰਾਂ ਐਡਵਾਰਡ, ਰਾਬਰਟ, ਵਿਲੀਅਮ ਅਤੇ ਥੋਮਸ ਨੇ ਜਨਮ ਲਿਆ। 1847 ਨੂੰ ਅਮਰੀਕਾ ਦੀ ਕਾਂਗਰਸ ਦੀ ਸੀਟ ਤੇ ਜਿੱਤ ਪ੍ਰਾਪਤ ਕੀਤੀ। ਇਸ ਸੀਟ ਉਤੇ 8 ਸਾਲ ਰਿਹਾ। ਹੁਣ ਅਮਰੀਕਾ ਦੇ 29 ਪ੍ਰਾਂਤ ਸਨ। ਅਮਰੀਕਾ ਦੀ ਮੈਕਸੀਕੋ ਮੁਲਕ ਨਾਲ ਲਾਈ ਗਈ ਲੜਾਈ ਨੂੰ ਨਾਜਾਇਜ਼ ਠਹਿਰਾਇਆ ਕਿ ਇਹ ਲੜਾਈ ਮੈਕਸੀਕੋ ਦੀ ਜ਼ਮੀਨ ਹੜੱਪ ਕਰਨ ਵਾਸਤੇ ਲਗਾਈ ਗਈ ਹੈ। ਬਹੁਤ ਹੀ ਇਮਾਨਦਾਰ ਅਤੇ ਅਸੂਲਾਂ ਵਾਲਾ ਵਿਅਕਤੀ ਸੀ।

ਅਪ੍ਰੈਲ 1865 ਨੂੰ ਆਪਣੀ ਪਤਨੀ ਨਾਲ ਡਰਾਮਾ ਵੇਖਣ ਗਏ ਨੂੰ ਇਕ ਛੁਪ ਕੇ ਬੈਠੇ ਦੱਖਣੀ ਪ੍ਰਾਂਤਾਂ ਪੱਖੀ ਗੋਰੇ ਆਦਮੀ ਨੇ ਗੋਲੀ ਮਾਰ ਦਿੱਤੀ। ਅੱਜ ਵੀ 150 ਸਾਲਾਂ ਪਿੱਛੋਂ ਅਮਰੀਕੀ ਲੋਕ ਲਿੰਕਨ ਨੂੰ ਪੂਰਾ ਪਿਆਰ ਤੇ ਸਤਿਕਾਰ ਦਿੰਦੇ ਹਨ। ’ਯਾਦਗਾਰੀ ਇਮਾਰਤ’ ਰਾਜਧਾਨੀ ਵਾਸ਼ਿੰਗਟਨ ਵਿਖੇ ਸਥਾਪਤ ਹੈ ਅਤੇ ’ਜਨਮ ਵਾਲਾ ਮਕਾਨ’ ਕੈਨਟੱਕੀ ਪ੍ਰਾਂਤ ਵਿਖੇ।

ਟੈਨਸੀ ਪ੍ਰਾਂਤ ਵਿਚ ਕੈਮਿਸਟਰੀ ਪੜ੍ਹਾਉਂਦਾ ਸੀ, ਹਾਈਵੇ ਉਪਰ ਕਾਰ ਰਾਹੀਂ ਨਿਊਯਾਰਕ ਆ ਰਿਹਾ ਸਾਂ। ਅਚਾਨਕ ਨਜ਼ਰ ਪਈ *Birth Place of President Lincon"
ਬੱਸ ਜਦ ਹੀ ਕਾਰ ਮੋੜੀ ਤਾਂ ਲਿੰਕਨ ਦੇ ਜੱਦੀ ਘਰ ਦੇ ਦਰਸ਼ਨ ਕੀਤੇ। ਪੰਜਵੀਂ ਕਲਾਸ ਵਿਚ ਹਿੰਦੁਸਤਾਨ ਪੜ੍ਹਦੇ ਨੇ ਆਪਣੇ ਪਿਤਾ ਮਾਸਟਰ ਅਰਜਨ ਸਿੰਘ ਜੀ ਪਾਸੋਂ ਲਿੰਕਨ ਬਾਰੇ ਜਾਣਿਆ ਤਾਂ ਲਿੰਕਨ ਦੀ ਜਨਮ ਭੂਮੀ ਵੇਖਣ ਦੀ ਖਾਹਿਸ਼ ਪੈਦਾ ਹੋਈ ਸੀ। ਇਹ ਖਾਹਿਸ਼ 2004 ਵਿਚ ਪੂਰੀ ਹੋਈ। ਹੁਣ ਵੀ ਜਦੋਂ ਦੋਸਤ ਪ੍ਰੋ: ਰਾਜੇਸ਼ ਅਗਰਵਾਲ ਅਤੇ ਹੋਰ ਮਿੱਤਰਾਂ ਨੂੰ ਮਿਲਣ ਜਾਂਦਾ ਹਾਂ ਤਾਂ ਲਿੰਕਨ ਦਾ ਘਰ ਜ਼ਰੂਰ ਫਿਰ ਵੇਖਣ ਲਈ ਜਾਂਦਾ ਹਾਂ।

## ਕਾਵਿ ਕਿਆਰੀ

ਕਾਵਿ ਕਿਆਰੀ

### ਗਜ਼ਲ

– ਹਰਭਜਨ ਸਿੰਘ ਬੈਂਸ

ਪੂਰਬ ਦੀ ਜੋ ਪੱਛਿਮ ਨਾਲੋਂ ਇਕ ਵੱਖਰੀ ਪਹਿਚਾਨ ਮਿਲੇ।
ਹੱਥ-ਨਿਆਂ ਨੂੰ ਛੱਡ ਕੇਬਾਕੀ ਸਭ ਕੁਝ ਹੀ ਆਸਾਨ ਮਿਲੇ।

ਕੁੱਲੀ ਗੁੱਲੀ ਜੁੱਲੀ ਖ਼ਾਤਿਰ ਜਨਤਾ ਥਾਂ ਥਾਂ ਭਟਕ ਰਹੀ,
ਆਗੂ ਵਸਤੀਂ, ਜਿਸਮੀਂ, ਜਸ਼ਨੀਂ, ਮਸਤ ਮਿਲੇ ਗਲਤਾਨ ਮਿਲੇ।।

ਦੇਸ਼ ਆਜ਼ਾਦ ਕਰੌਣੇ ਵਾਲੇ ਅਪਣੇ ਹੱਕ ਜਾਂ ਲੈਣ ਤੁਰੇ,
ਕਹਿਰ ਖ਼ੁਦਾ ਦਾ ਅੱਗਿਉਂ ਸਭ ਨੂੰ ਜੇਲ੍ਹਾਂ ਜਾਂ ਸ਼ਮਸ਼ਾਨ ਮਿਲੇ।

ਸੋਨ ਚਿੜੀ ਦੇ ਬੋਟਾਂ ’ਤੇ ਅੱਜ ਮੁੜ ਮੁੜ ਬਿਜਲੀ ਕੜਕ ਰਹੀ,
ਉਪਰੋਂ ਨਿਸਦਿਨ ਨੇਰ੍ਹ ਮਚੌਂਦੇ ਇਸਦੇ ਚੰਦਰ ਭਾਨ ਮਿਲੇ।

ਕਿਹੜੇ ਪਾਸਿਉਂ ਬੰਦਾ ਅੱਜਕਲ੍ਹ ਅਮਨ-ਅਮਾਨ ਦੀ ਆਸ ਕਰੇ,
ਅਮਨ ਕਰੌਂਦੀ ਧਿਰ ਦੇ ਘਰ ’ਚੋਂ ਦੰਗਿਆਂ ਦਾ ਸਾਮਾਨ ਮਿਲੇ।

ਅਫਰਾ ਤਫਰੀ, ਆਪਾ-ਧਾਪੀ ਥਾਂਥਾਂ ਰੋਲ-ਘਚੋਲ ਜਿਹਾ,
ਥਾਂ ਥਾਂ ਅੱਜ ਕੱਲ੍ਹ ਹੁਕਮ ਚਲੌਂਦੇ ਦਾਨਿਆਂ ਤੇ ਨਾਦਾਨ ਮਿਲੇ।

### ਕਵੀ ਸਿਹਨਸ਼ਾਹ



ਔਹ ਵੇਖ ਲਓ ਗੁਰੂ ਰਵਿਦਾਸ ਆਉਂਦਾ, ਦੁਖੀ ਮਜ਼ਲੂਮਾਂ ਦਾ ਬਣ ਕੇ ਖ਼ੁਦਾ ਆਇਆ।
ਅਰਸ਼ੋਂ ਦੇਵਤੇ ਦੁੱਧ ਵਰਸਾਂਵਦੇ ਨੇ, ਸਿਹਨਸ਼ਾਹ ਸਾਡਾ, ਸਿਹਨਸ਼ਾਹ ਆਇਆ।
ਸੁੱਤੇ ਸ਼ੇਰਾਂ ਦੇ ਤਾਈਂ ਜਗਾਵਦੇ ਲਈ, ਬੱਬਰ ਸ਼ੇਰਾਂ ਦਾ ਅੱਜ ਬਾਦਸ਼ਾਹ ਆਇਆ।
ਆ ਕੇ ਸੰਗਲ ਗੁਲਾਮੀ ਦੇ ਤੋੜ ਦਿੱਤੇ, ਬੇਪਰਵਾਹ ਸਤਿਗੁਰ, ਬੇਪ੍ਰਵਾਹ ਆਇਆ
ਮੱਥਾ ਵੱਡੇ ਹੰਕਾਰੀਆਂ ਨਾਲ ਲਾਇਆ, ਪੱਥਰ ਤਾਰਦਾ ਕੌਡੇ ਡੁਬਾਈ ਜਾਂਦਾ।
ਰੰਬੀ ਮਾਰ ਕੇ ਬੰਦਾ ਦਾ ਫੱਟ ਖੋਲ੍ਹੇ, ਚੌਹਾਂ ਜੁਗਾਂ ਦੇ ਜੰਜੂ ਦਿਖਾਈ ਜਾਂਦਾ।
ਕਾਰਨਾਮੇ ਨਹੀਂ ਗੁਰਾਂ ਦੇ ਗਿਣੇ ਜਾਂਦੇ, ਬੜੇ ਬੜੇ ਕੌਤਕਾਂ ਦੀ ਲੜੀ ਲੜਾਈ ਜਾਂਦਾ।
ਲੱਖਾਂ ਹੀਰਿਆਂ ਦੇ ਕੰਗਣ ਦਿੱਸਣ ਤਰਦੇ, ਪੱਧਰੀ ਹੇਠ ਦੀ ਗੰਗਾ ਵਗਾਈ ਜਾਂਦਾ।
ਰਾਜਾ ਗੁਰਾਂ ਨੂੰ ਕਹਿ ਤੁਸੀਂ ਬਾਅਦ ਵਿਚ ਸੁਣਿਓ, ਪਹਿਲਾਂ ਪੰਡਤਾਂ ਤਾਈਂ ਖਵਾਉਣ ਲੱਗਾ।
ਉਹ ਉਹਨੂੰ ਕਹੇ, ਉਹ ਉਹਨੂੰ ਕਹਿ, ਰਵਿਦਾਸ ਤੇਰੇ ਨਾਲ ਖਾਂਦਾ, ਚੱਕਰੀ ਪੰਡਤਾਂ ਦੀ ਕਵੀ ਘੁੰਮਾਉਣ ਲੱਗਾ।
ਗਊਆਂ ਸੋਨੇ ਦੀਆਂ ਪੰਡਤੋ ਰੱਖੋ ਇੱਥੇ, ਲੈ ਜਾਓ ਤੋਰ ਕੇ ਗੁਰੂ ਫੁਰਮਾਉਣ ਲੱਗਾ।
ਕੌਤਕ ਵੇਖ ਕੇ ਪੰਡਤ ਹੈਰਾਨ ਰਹਿ ਗਏ, ਗਊਆਂ ਤੋਰ ਘਰ ਗੁਰੂ ਲਿਆਉਣ ਲੱਗਾ।
ਮੀਰਾਂ ਮਾਈ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ, ਗੁਰੂ ਧਾਰ ਕੇ ਖੁਸ਼ੀ ਮਨਾਉਣ ਲੱਗੀ।
ਜ਼ਹਿਰੀ ਨਾਗ ਤੋਂ ਫੁੱਲਾਂ ਦਾ ਹਾਰ ਬਣਿਆ, ਮੀਰਾਂ ਹੱਸ ਕੇ ਗਲੇ ਵਿਚ ਪਾਉਣ ਲੱਗੀ।
ਪਿਆਲਾ ਜ਼ਹਿਰ ਦਾ ਮੀਰਾਂ ਘੱਟ ਘੱਟ ਪੀ ਗਈ, ਜੈ ਰਵੀਦਾਸ, ਜੈ ਰਵੀਦਾਸ ਪਿਆਉਣ ਲੱਗੀ।
ਤੂੰ ਵੀ ਗੁਰਾਂ ਦੇ ਜਾ ਕੇ ਚਰਨ ਫੜ ਲੈ, ’ਬਿਹਾਰੀ ਲਾਲ’ ਦੇ ਤਾਂਈ ਸਮਝਾਉਣ ਲੱਗੀ।

– ਬਿਹਾਰੀ ਲਾਲ ਚਾਹਲ

### ਆਜ਼ਾਦ ਜਲੰਧਰੀ ਦੀਆਂ ਦੋ ਰਚਨਾਵਾਂ

### ਸ੍ਰੀ ਗੁਰੂ ਰਵਿਦਾਸ ਜੀ

ਜੋਬਨ ਤੇ ਸੀ ਵਰਣ ਵਿਵਸਥਾ
ਸ਼ੂਦਰ ਲਈ ਬੰਦ ਸੀ ਹਰ ਰਸਤਾ
ਮਨੂੰ ਸਿਮਰਤੀ ਦਾ ਕਾਨੂੰਨ
ਬਣਿਆ ਸੀ ਬੱਸ ਇਕ ਜਨੂੰਨ।
ਬ੍ਰਾਹਮਣ ਪੰਡਤ ਅਤੇ ਪੁਜਾਰੀ
ਖੱਤਰੀ ਰਾਜੇ ਵੈਸ਼ ਵਪਾਰੀ
ਸ਼ੂਦਰ ਸਨ ਮਜ਼ਲੂਮ ਵਿਚਾਰੇ
ਹਰ ਥਾਂ ਜਾਂਦੇ ਸਨ ਲਤਾੜੇ
ਨਾ ਮੰਦਰ ਨਾ ਜਾਣ ਸਕੂਲੇ
ਕਿਧਰੇ ਭੀ ਨਾ ਜਾਣ ਕਬੂਲੇ।
ਸਦੀਆਂ ਗਏ ਗਰੀਬ ਲਤਾੜੇ
ਅਪਮਾਨਾਂ ਦੀ ਸੂਲੀ ਚਾੜ੍ਹੇ
ਸੁਣ ਕੇ ਦੁਖੀਆਂ ਦੀ ਅਰਦਾਸ
ਜੱਗ ਵਿਚ ਆ ਗਏ ਗੁਰੂ ਰਵਿਦਾਸ।
ਘਰ ਸੰਤੋਖ ਪਿਤਾ ਦੇ ਆਏ
ਮਾਂ ਕਲਸੀ ਨੂੰ ਭਾਗ ਲਗਾਏ
ਮੁਖ ਤੇ ਚਮਕੇ ਨੂਰ ਇਲਾਹੀ
ਆ ਗਿਆ ਬੇਗਮ ਪੁਰ ਦਾ ਰਾਹੀ
ਨੈਣਾਂ ਦੇ ਵਿਚ ਨਾਮ ਖੁਮਾਰੀ
ਮਸਤ ਹੋ ਗਈ ਦੁਨੀਆਂ ਸਾਰੀ।
ਖਿਲ ਉੱਠੀਆਂ ਮੁਰਝਾਈਆਂ ਕਲੀਆਂ
ਨੱਚ ਉਠੀਆਂ ਕਾਸ਼ੀ ਦੀਆਂ ਗਲੀਆਂ
ਮੁੱਕ ਗਈ ਰਾਤ ਗ਼ਮਾਂ ਦੀ ਕਾਲੀ

ਆ ਗਿਆ ਅਰਸ਼ ਫਰਸ਼ ਦਾ ਵਾਲੀ
ਮੰਦਰ ਮਸਜਿਦ ਠਾਕਰ ਦੁਆਰੇ
ਝੂੰਮ ਉਠੇ ਮਸਤੀ ਵਿਚ ਸਾਰੇ
ਮਿੱਠੇ ਬੋਲ ਜ਼ਬਾਨੋਂ ਬੋਲੇ
ਹਰ ਦਮ ਰਾਜ਼ ਇਲਾਹੀ ਖੋਲ੍ਹੇ।
ਹਰ ਦਮ ਰੱਬ ਦਾ ਨਾਮ ਧਿਆਵੇ
ਦਸਾਂ ਨਹੁੰਆਂ ਦੀ ਕਿਰਤ ਕਮਾਵੇ
ਭੁੱਲਿਆਂ ਨੂੰ ਰਾਹ ਪਾਵਣ ਆਇਆ
ਰੱਬ ਦੇ ਨਾਲ ਮਿਲਾਵਣ ਆਇਆ।
ਕਾਸ਼ੀ ਵਿਚ ਆਵਾਜ਼ ਉਠਾਈ
ਮੇਰੀ ਗੱਲ ਸੁਣੋ ਸਭ ਭਾਈ
ਏਕ ਪਿਤਾ ਕੇ ਹਮ ਸਭ ਬਾਲਿਕ
ਇਕੋ ਕੁੱਲ ਦੁਨੀਆਂ ਦਾ ਮਾਲਿਕ
ਬ੍ਰਾਹਮਣ ਸ਼ੂਦਰ ਵੈਸ਼ ਤੇ ਖੱਤਰੀ
ਸਭ ਤੇ ਇਕੋ ਨੀਲੀ ਛਤਰੀ।
ਸ਼ਰਧਾ ਭਾਵ ਪ੍ਰਭੂ ਨੂੰ ਭਾਵੇ
ਉਚੀ ਜਾਤ ਨਾ ਕਦੇ ਰਿਝਾਵੇ।
ਸੁਣ ਕੇ ਗੁਰੂ ਰਵਿਦਾਸ ਦੀ ਬਾਣੀ
ਸਾਰੀ ਦੁਨੀਆਂ ਭਈ ਦੀਵਾਨੀ।
ਗੰਗਾ ਦੇ ਵਿਚ ਪੱਥਰ ਤਾਰੇ
ਊਚ ਨੀਚ ਦੇ ਭਰਮ ਨਿਵਾਰੇ
ਇਕ ਦਮੜੀ ਬੱਸ ਭੇਂਟ ਚੜ੍ਹਾਈ
ਪਰਗਟ ਹੋ ਗਈ ਗੰਗਾ ਮਾਈ

ਦੇਖ ਗੁਰਾਂ ਦੀ ਮਹਿਮਾ ਨਿਆਰੀ
ਦੰਗ ਰਹਿ ਗਈ ਦੁਨੀਆਂ ਸਾਰੀ।
ਮੀਰਾਂ ਨੂੰ ਘਨਸ਼ਾਮ ਮਿਲਾਇਆ
ਚੌਂਹ ਵਰਣਾਂ ਨੂੰ ਚਰਨੀ ਲਾਇਆ
ਝੂਠੀ ਮਾਇਆ ਦਿਲੋਂ ਭੁਲਾਈ
ਸਤਿਗੁਰ ਨੇ ਪਾਰਸ ਠੁਕਰਾਈ।
ਸਦੀਆਂ ਸੁੱਤੀ ਕੌਮ ਜਗਾਈ
ਬੇਗਮ ਪੁਰ ਦੇ ਰਾਹੇ ਪਾਈ
ਸਭ ਨੂੰ ਇਕੋ ਦੇ ਲੜ ਲਾਇਆ
ਸਾਰੀ ਦੁਨੀਆਂ ਨੂੰ ਸਮਝਾਇਆ।
ਹਰ ਸੋ ਹੀਰਾ ਮੂਲ ਨਾ ਛੱਡੋ
ਥਾਂ-ਥਾਂ ਜਾ ਕੇ ਹੱਥ ਨਾ ਅੱਡੋ
ਜੇ ਇਕ ਦੇ ਲੜ ਲੱਗ ਜਾਵਾਂਗੇ
ਜੀਵਨ ਦੇ ਵਿਚ ਸੁਖ ਪਾਵਾਂਗੇ।
ਪੜ੍ਹੇ ਲਿਖੇ ਹੋ ਤੁਸਾਂ ਸਿਆਣੇ
ਕੌਮ ਦੇ ਅੱਜ ਹੋ ਤੁਸਾਂ ਮੁਹਾਣੇ
ਅੱਜ ਲੋਕੀ ਜ਼ਰਦਾਰ ਬੜੇ ਨੇ
ਬਿਜਨਿਸ ਕਾਰੋਬਾਰ ਬੜੇ ਨੇ।
ਅੱਜ ਆਪਣੇ ਰੁਜ਼ਗਾਰ ਭੀ ਦੇਖੋ
ਦੁਨੀਆਂ ਦੀ ਰਫ਼ਤਾਰ ਭੀ ਦੇਖੋ
’ਆਜ਼ਾਦ’ ਜੇ ਕੌਮ ਨੂੰ ਭੁੱਲ ਜਾਵਾਂਗੇ
ਕੱਖਾਂ ਵਾਂਗਰ ਰੁਲ ਜਾਵਾਂਗੇ।

### ਮਾਂ ਬੋਲੀ

ਲੱਖ ਪਿਆਰੀ ਬੋਲੀ ਮਾਂ ਹੋਵੇ
ਲੇਕਿਨ ਪਰਚਾਰ ਜ਼ਰੂਰੀ ਏ
ਪਰਦੇਸਾਂ ਵਿਚ ਮਾਂ ਬੋਲੀ ਦਾ
ਆਦਰ ਸਤਿਕਾਰ ਜ਼ਰੂਰੀ ਏ।

ਕਿਸ ਕੰਮ ਦੀ ਕਲਮ ਹੈ ਲੇਖਕ ਦੀ
ਜੇ ਕੰਮ ਨਾ ਆਈ ਬੋਲੀ ਦੇ
ਕੋਈ ਵਧੀਆ ਸ਼ਾਇਰ ਸੰਪਾਦਕ
ਚੰਗਾ ਅਖ਼ਬਾਰ ਜ਼ਰੂਰੀ ਏ।

ਲੱਖ ਫੜ੍ਹਾਂ ਸੋਸਾਇਟੀ ਵਿਚ ਮਾਰੇ
ਲੋਕਾਂ ਨੇ ਭਰੋਸਾ ਨਹੀਂ ਕਰਨਾ
ਚੌਂਹ ਬੰਦਿਆਂ ਵਿਚ ਇਸ ਬੰਦੇ ਦਾ
ਹੋਣਾ ਇਤਵਾਰ ਜ਼ਰੂਰੀ ਏ।

ਲੱਖ ਸ਼ੋਹਰਤ ਹੋਵੇ ਜੱਗ ਅੰਦਰ
ਸੌ ਜਾਨਣ ਵਾਲੇ ਹੋਣ ਭਾਵੇਂ
ਮਾਂ ਬੋਲੀ ਸਮਝਣ ਵਾਲਾ ਵੀ
ਕੋਈ ਮਿੱਤਰ ਯਾਰ ਜ਼ਰੂਰੀ ਏ।

ਦੁੱਖ ਦਰਦ ਵੰਡਾਇਆ ਜਾ ਸਕਦਾ
ਜੇ ਹੋਵੇ ਖ਼ਬਰ ਭਰਾਵਾਂ ਨੂੰ
ਆਪਸ ਵਿਚ ਰਹੀਏ ਮਿਲ ਜੁਲ ਕੇ
ਇਤਨਾ ਸਰਕਾਰ ਜ਼ਰੂਰੀ ਏ।

ਆਜ਼ਾਦ ਜੇ ਆਪਾਂ ਲੜਦੇ ਰਹੇ
ਕੋਈ ਕੰਮ ਸਿਰੇ ਨਹੀਂ ਚੜ੍ਹ ਸਕਦਾ
ਜੇ ਅਸਾਂ ਤਰੱਕੀ ਕਰਨੀ ਤਾਂ
ਆਪਸ ਵਿਚ ਪਿਆਰ ਜ਼ਰੂਰੀ ਏ।

# ਡੇਰਾ ਮਹਾਨ ਪੁਰੀ ਸਾਹਰੀ ਵਿਖੇ ਮਨਾਇਆ ਗਿਆ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ

ਸਾਹਰੀ- ਡੇਰਾ ਮਹਾਨ ਪੁਰੀ ਸਾਹਰੀ ਵਿਖੇ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ ਬੜੀ ਸ਼ਰਧਾ ਨਾਲ ਮਨਾਇਆ ਗਿਆ।ਪਿਛਲੇ ਪੰਦਰਾਂ ਦਿਨਾਂ ਤੋਂ ਸ਼੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਦੇ ਮੈਂਬਰਾਂ ਨੇ ਪ੍ਰਭਾਤ ਫੇਰੀਆ ਨਾਲ ਸਾਰੇ ਨਗਰ ਵਿਚ ਬੜਾ ਧਾਰਮਿਕ ਅਤੇ ਸਦਭਾਵਨਾ ਵਾਲਾ ਮਾਹੌਲ ਬਣਾਇਆ ਹੋਇਆ ਸੀ।ਗੁਰੂ ਸਾਹਿਬ ਦੇ ਪ੍ਰਕਾਸ਼ ਉਤਸਵ ਦਾ ਸਾਰਾ ਪ੍ਰੋਗ੍ਰਾਮ ਨੌਜਵਾਨ ਸਭਾ ਨੇ ਡੇਰਾ ਮਹਾਨਪੁਰੀ ਦੇ ਗੱਦੀ ਨਸ਼ੀਨ ਸੰਤ ਬਾਬਾ ਮੋਹਨ ਦਾਸ ਜੀ ਦੀ ਅਗਵਾਈ ਵਿਚ ਉਲੀਕਿਆ ਹੋਇਆ ਸੀ। ਦੋ ਫਰਵਰੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਵਿਚ ਸਾਰੇ ਨਗਰ ਚ ਸ਼ੋਭਾ ਯਾਤਰਾ ਕੱਢੀ ਗਈ। ਸ਼ੋਭਾ ਯਾਤਰਾ ਦੌਰਾਨ ਪਿੰਡ ਵਿਚ ਵੱਖ ਵੱਖ ਥਾਵਾਂ ਤੇ ਸੰਗਤਾਂ ਨੇ ਚਾਹ ਪਕੌੜਿਆ ਸਮੇਤ ਲੰਗਰ ਦਾ ਵੀ ਪ੍ਰਬੰਧ ਕੀਤਾ ਹੋਇਆ ਸੀ। ਮਿਸ਼ਨਰੀ ਗਾਇਕ ਸਰਬਜੀਤ ਫੁੱਲ ਅਤੇ ਉਸਦੇ



ਸਾਥੀ ਸੰਗਤਾਂ ਨੂੰ ਗੁਰੂ ਜੀ ਦੀ ਮਹਿਮਾ ਵਿਚ ਬਾਣੀ ਦਾ ਜਾਪ ਕਰਵਾ ਰਹੇ ਸਨ।

ਤਿੰਨ ਫਰਵਰੀ ਨੂੰ ਗੁਰ ਦੁਆਰਾ ਸਾਹਿਬ ਵਿਚ ਨਗਰ ਕੀਰਤਨ ਦੇ ਦੀਵਾਨ ਸਜਾਏ ਗਏ।ਇਸ ਵਿਚ ਭਾਈ ਸਤਿੰਦਰ ਸਿੰਘ ਤੇ ਸਾਥੀ ਗੁਰ ਦੁਆਰਾ ਸ਼੍ਰੀ ਕਲਗੀਧਰ ਹੁਸ਼ਿਆਰਪੁਰ ਵਾਲੇ, ਭਾਈ ਦਰਸ਼ਨ ਸਿੰਘ ਤੇ ਸਾਥੀ ਸਾਹਰੀ ਵਾਲੇ ਨੇ ਹਾਜ਼ਰ ਸੰਗਤਾ ਨੂੰ ਗੁਰੂ ਰਵਿਦਾਸ ਜੀ ਦੀ ਪਾਵਨ ਪਵਿੱਤਰ ਬਾਣੀ ਵਿਚੋਂ ਸਬਦਾਂ ਦਾ ਜਾਪ ਕਰਕੇ ਨਿਹਾਲ ਕੀਤਾ। ਡਾ. ਜਸਵੰਤ ਰਾਏ, ਸ਼੍ਰੀ ਉਂਕਾਰ ਸਿੰਘ ਝਮਟ, ਸ਼੍ਰੀ ਲਹਿੰਬਰ ਰਾਮ ਝਮਟ ਵਿਦਵਾਨਾਂ ਨੇ ਗੁਰੂ ਜੀ ਦੇ ਕ੍ਰਾਤੀਕਾਰੀ ਜੀਵਨ ਫਲਸਫੇ ਸਬੰਧੀ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਸੰਤ ਬਾਬਾ ਮੋਹਨ ਦਾਸ ਜੀ ਅਤੇ ਸੰਤ ਬਾਬਾ ਗੁਰਮੁਖ ਦਾਸ ਜੀ ਨੇ ਆਏ ਹੋਏ ਵਿਦਵਾਨਾਂ ਅਤੇ ਰਾਗੀ ਜਥਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।ਗੁਰੂ ਕਾ ਲੰਗਰ ਅਤੁੱਟ ਰੂਪ ਵਿਚ ਵਰਤਾਇਆ ਗਿਆ। ਇਸ ਸਮੇਂ ਸ਼੍ਰੀ ਗੁਰ ਰਵਿਦਾਸ ਨੌਜਵਾਨ ਸਭਾ ਦੇ ਪ੍ਰਧਾਨ ਜਸਵੀਰ ਸਿੰਘ ਬਿੰਦਰ, ਰੌਸ਼ਨ ਸਿੰਘ, ਅਮਰੀਕ ਸਿੰਘ ਨਿੱਕੂ, ਡਾ. ਬਲਵੀਰ ਸਿੰਘ, ਰਾਕੇਸ਼ ਕੁਮਾਰ, ਅਮਰਜੀਤ ਸਿੰਘ, ਪ੍ਰਗਟ ਸਿੰਘ, ਮਾਸਟਰ ਰੇਸ਼ਮ ਸਿੰਘ, ਦੇਸ ਰਾਜ, ਸੋਨੂੰ, ਦਵਿੰਦਰ ਕੁਮਾਰ ਪੰਚ, ਰਜਿੰਦਰ ਕੁਮਾਰ, ਮੇਹਰ ਚੰਦ, ਸ. ਬਲਵੰਤ ਸਿੰਘ ਯੂ.ਏ. ਈ., ਗੋਲਡੀ, ਇੰਨਸਪੈਕਟਰ ਨਰਿੰਦਰ ਸਿੰਘ, ਉਂਕਾਰ ਸਿੰਘ ਅਤੇ ਸੰਗਤਾਂ ਹਾਜ਼ਰ ਸਨ। **ਰਿਪੋਰਟ : ਡਾ. ਜਸਵੰਤ ਰਾਏ,**

**ਮੋਬਾਇਲ** 09815825999

# ਸ਼੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਨਿਊਯਾਰਕ ਵਿਚ ਅਮਿੱਟ ਛਾਪ ਛੱਡਦਾ ਸੰਪੰਨ

## ਟੀ ਐਲ ਸੀ ਕਮਿਸ਼ਨਰ, ਕਾਂਗਰਸਮੈਨ, ਕੌਂਸਲਮੈਨ, ਪੁਲਿਸ ਅਫਸਰ ਅਤੇ ਗੁਰੂ ਘਰਾਂ ਤੇ ਕਮੇਟੀਆਂ ਦੇ ਨੁਮਾਇੰਦੇ ਵਿਸ਼ੇਸ਼ ਤੌਰ ਤੇ ਪਹੁੰਚੇ

2 ਫਰਵਰੀ ਰਾਤ ਦਾ ਦੀਵਾਨ 6 ਵਜੇ ਤੋ 12.30 ਵਜੇ ਤੱਕ ਸਜਿਆ, ਠੀਕ 12 ਵਜੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਤੇ ਫੁੱਲਾਂ ਦੀ ਵਰਖਾ ਗੁਰੂ ਮਹਾਰਾਜ ਜੀ ਦੇ ਪ੍ਰਕਾਸ਼ ਨੂੰ ਮੁੱਖ ਰੱਖਦਿਆਂ ਕੀਤੀ ਗਈ। ਮੌਸਮ ਦੀ ਖਰਾਬੀ ਹੋਣ ਦੇ ਬਾਵਜੂਦ ਵੀ ਸੰਗਤਾਂ ਹਰ ਰੋਜ਼ ਦੇ ਦੀਵਾਨਾਂ ਵਿਚ ਹੁੰਮ ਹੁੰਮਾ ਕੇ ਪਹੁੰਚੀਆਂ। ਪ੍ਰਬੰਧਕਾਂ ਦੇ ਦੱਸਣ ਮੁਤਾਬਕ ਇਹ ਅਖੰਡ ਦੀ ਲੜੀ ਅਤੇ ਕੀਰਤਨ ਦੀਵਾਨ ਸਾਲ 2000 ਤੋਂ ਲਗਾਤਾਰ ਚਲਦੇ ਆ ਰਹੇ ਹਨ। ਇਹਨਾਂ ਸਾਰੇ ਦੀਵਾਨਾਂ ਨੂੰ ਪ੍ਰਬੰਧਕਾਂ ਨੇ ਵਿਸ਼ੇਸ਼ ਉਪਰਾਲਾ ਕਰਕੇ ਸੰਗਤਾਂ ਨੂੰ ਘਰਾਂ ਵਿਚ ਦਿਖਾਉਣ ਦਾ ਪ੍ਰਬੰਧ ਕੀਤਾ ਗਿਆ ਜੋ ਹਰ ਰੋਜ਼ ਸਵੇਰੇ 8 ਤੇ 9 ਵਜੇ ਤੱਕ ਗੁਰਬਾਣੀ ਕੀਰਤਨ ਕਥਾ ਤੇ ਆਉਂਦੀ ਸੀ।

8 ਫਰਵਰੀ ਦਿਨ ਐਤਵਾਰ ਦਾ ਆਖਰੀ ਤੇ ਮੁੱਖ ਦੀਵਾਨ ਸੀ ਜੋ ਕਿ ਸਵੇਰੇ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਨਿਸ਼ਾਨ ਸਾਹਿਬ ਦੀ ਸੇਵਾ ਦੇ ਨਾਲ ਆਰੰਭ ਹੋਇਆ, ਜਿਸ ਵਿਚ ਭਾਈ ਜਸਵੀਰ ਸਿੰਘ ਸ੍ਰੀ ਦਰਬਾਰ ਸਾਹਿਬ ਵਾਲੇ, ਭਾਈ ਮੁਖਤਿਆਰ ਸਿੰਘ ਫਿਲਾਡਲਫੀਆ ਵਾਲੇ, ਕਥਾਵਾਚਕ ਭਾਈ ਗੁਲਜ਼ਾਰ ਸਿੰਘ ਕਨੇਡਾ ਵਾਲੇ, ਬੀਬੀ ਕਮਲਜੀਤ ਕੌਰ ਪਾਰਸ, ਭਾਈ ਜਗਪ੍ਰੀਤ ਸਿੰਘ ਲੁਧਿਆਣੇ ਵਾਲੇ, ਢਾਡੀ ਮੋਹਣ ਸਿੰਘ ਬਿਡਾਣਾ ਅਤੇ ਨਿਰਮਲ ਨਿੰਮੀ ਨੇ ਆਪਣੇ-ਆਪਣੇ ਸਮੇਂ ਨਾਲ ਹਾਜ਼ਰੀ ਲਗਵਾ ਕੇ ਸੰਗਤ ਦੀ ਅਸੀਸ ਤੇ ਗੁਰੂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਨਿਊਯਾਰਕ ਸਿਟੀ ਤੋਂ ਟੀ ਐਲ ਸੀ. ਕਮਿਸ਼ਨਰ ਜੋ ਕਿ ਪਹਿਲੀ ਵਾਰ ਗੁਰੂ ਘਰ ਵਿਖੇ ਸਤਿਗੁਰਾਂ ਦੇ ਪ੍ਰਕਾਸ਼ ਪੁਰਬ ਤੇ ਪਹੁੰਚੇ ਤੇ ਆਪਣੇ ਸੰਖੇਪ ਭਾਸ਼ਣ ਵਿਚ ਜਿੱਥੇ ਉਹਨਾਂ ਨੇ ਆਪਣੇ ਤੇ ਸਿਟੀ ਦੇ ਮੇਅਰ ਵੱਲੋਂ ਗੁਰਪੁਰਬ ਦੀ ਵਧਾਈ ਦਿੱਤੀ, ਉਥੇ ਕਮਿਊਨਿਟੀ ਦੇ ਹਰ ਕੰਮ ਵਿਚ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ। ਕਾਂਗਰਸਮੈਨ ਅਤੇ ਕੌਂਸਲਮੈਨ ਦੇ ਆਫਿਸ ਤੋਂ ਪਹੁੰਚੇ ਨੁਮਾਇੰਦਿਆਂ ਨੇ ਵੀ ਸੰਗਤ ਨੂੰ ਵਧਾਈ ਨਾਲ ਗੁਰੂ ਘਰ ਦੇ ਹਰ ਕੰਮ ਵਿਚ ਸਹਯੋਗ ਦਾ ਭਰੋਸਾ ਦਿੱਤਾ। 108 ਅਤੇ 115 ਥਾਣੇ (ਪੁਲਿਸ ਵਿਭਾਗ) ਤੋਂ ਕੈਪਟਨ ਅਤੇ ਡੀਟੈਕਟਿਵ ਪਹੁੰਚੇ। ਵਧਾਈ ਦਿੰਦਿਆਂ ਪੁਲਿਸ ਅਫਸਰਾਂ ਵੱਲੋਂ ਪੰਜਾਬੀ ਕਮਿਊਨਿਟੀ ਖਾਸ ਕਰਕੇ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਨਾਲ ਆਪਣੀ ਸਾਂਝ ਪਕੇਰੀ ਕਰਨ ਦੀ ਗੱਲ ਕਹੀ। ਟਰਾਈ ਸਟੇਟ ਦੇ ਗੁਰੂ ਘਰਾਂ ਦੀਆਂ ਕਮੇਟੀਆਂ ਅਤੇ ਜਥੇਬੰਦੀਆਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ। ਆਏ ਹੋਏ ਸਾਰੇ ਮਹਿਮਾਨਾਂ ਨੂੰ ਗੁਰੂ ਘਰ ਵੱਲੋਂ ਵਿਸ਼ੇਸ਼ ਸਨਮਾਨ ਦੇ ਕੇ ਨਿਵਾਜਿਆ ਗਿਆ। ਭਾਈ ਗੁਲਜਾਰ ਸਿੰਘ ਵੱਲੋਂ ਬੱਚਿਆਂ ਦੀਆਂ ਵਿਸ਼ੇਸ਼ ਕਲਾਸਾਂ ਖਿੱਚ ਦਾ ਕੇਂਦਰ ਬਣੀਆਂ। ਜਿਹਨਾਂ ਵਿਚ ਬੱਚਿਆਂ ਨੇ ਅਤੇ ਮਾਪਿਆਂ ਨੇ ਵਿਸ਼ੇਸ਼ ਰੁਚੀ ਦਿਖਾਈ। ਗੁਰੂ ਘਰ ਦੇ ਪ੍ਰਬੰਧਕਾਂ ਦਾ ਇਹ ਬਹੁਤ ਹੀ ਸਲਾਹੁਣਯੋਗ ਉਪਰਾਲਾ ਹੈ ਕਿ ਆਉਣ ਵਾਲੇ ਭਵਿੱਖ ਲਈ ਇਸ ਗੁਰੂ ਘਰ ਵਿਚ ਸਮੇਂ-ਸਮੇਂ ਤੇ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਂਦੇ ਹਨ।

ਪੂਰੇ ਦੀਵਾਨਾਂ ਦੀ ਸਾਰੀ ਰਿਕਾਰਡਿੰਗ ਮਹਿੰਦਰਾ ਸਟੂਡੀਓ (ਟੀਟੂ ਬਾਦਲੀਆ) ਵੱਲੋਂ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਕੀਤੀ ਜਾਂਦੀ ਹੈ ਜੋ ਕਿ ਸੇਵਾ ਕਰਦੇ ਹਨ। ਇਸ ਵਾਰ ਵੀ ਪ੍ਰਬੰਧਕਾਂ ਨੇ ਇਹ ਸਾਰੇ ਪ੍ਰੋਗਰਾਮ ਨੂੰ ਦੁਨੀਆਂ ਵਿਚ ਦਿਖਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਸਨ, ਜਿਹਨਾਂ ਵਿਚ ਪੀ. ਟੀ. ਸੀ. ਪੰਜਾਬੀ ਅਤੇ ਗਲੋਬਲ ਪੰਜਾਬ ਇਸ ਸਾਰੇ ਪ੍ਰੋਗਰਾਮ ਨੂੰ ਆਉਣ ਵਾਲੇ ਦਿਨਾਂ ਵਿਚ ਪੂਰੀ ਦੁਨੀਆਂ ਵਿਚ ਪਹੁੰਚਾਉਣਗੇ। ਪੀ. ਟੀ. ਸੀ. ਤੇ ਪ੍ਰੋਗਰਾਮ ਦਿਖਾਉਣ ਦਾ ਸਾਰਾ ਖਰਚਾ ਪਰਵੀਨ ਕੁਮਾਰ ਲੱਡੂ, ਮਨੋਜ ਕੁਮਾਰ ਹੈਪੀ, ਚਰਨਜੀਤ ਸਿੰਘ ਝੱਲੀ ਅਤੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਵੱਲੋਂ ਕੀਤਾ ਗਿਆ। ਗਲੋਬਲ ਪੰਜਾਬ ਟੀ. ਵੀ. ਦਾ ਸਾਰਾ ਖਰਚਾ ਸਿੰਘ ਫਾਰਮ ਅਵਤਾਰ ਸਿੰਘ ਜੱਬੋਵਾਲ ਅਤੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਵੱਲੋਂ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਇਹਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਦੇ ਸਮੂਹ ਮੈਂਬਰਾਂ ਨੇ ਗੁਰੂ ਘਰ ਦੇ ਪ੍ਰਬੰਧਕਾਂ ਨਾਲ ਵਿਸ਼ੇਸ਼ ਸਹਿਯੋਗ ਦੇ ਕੇ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਵਿਚ ਆਪਣਾ ਯੋਗਦਾਨ ਪਾਇਆ। ਸੁਸਾਇਟੀ ਦਾ ਧੰਨਵਾਦ ਕਰਦਿਆਂ ਗੁਰੂ ਘਰ ਦੇ ਜਨਰਲ ਸਕੱਤਰ ਓਮ ਪ੍ਰਕਾਸ਼ ਮਹਿਮੀ ਨੇ ਕਿਹਾ ਕਿ ਗੁਰੂ ਮਹਾਰਾਜ ਜੀ ਦੇ ਨਾਮ ਤੇ ਸੁਸਾਇਟੀਆਂ ਤੇ ਬਹੁਤ ਬਣਾ ਲੈਂਦੇ ਹਨ ਪਰ ਗੁਰੂ ਮਹਾਰਾਜ ਜੀ ਦੇ ਦਰਸਾਏ ਮਾਰਗ ਤੇ ਕੋਈ-ਕੋਈ ਚਲਦਾ ਹੈ। ਬਹੁਤੇ ਤਾਂ ਗੁਰੂ ਘਰਾਂ ਵਿਚ ਲੜਾਈ ਦੇ ਕਾਰਨ ਜ਼ਿਆਦਾ ਬਣਦੇ ਹਨ।

ਬੁਲਾਰਿਆਂ ਵਿਚ ਗੁਰੂ ਘਰ ਦੇ ਸਾਬਕਾ ਸਕੱਤਰ ਪਰਮਜੀਤ ਲਾਲ 108 ਪਰੀਸਿਟ ਦੇ ਕੈਪਟਨ, 115 ਪਰੀਸਿਟ ਦੇ ਕੈਪਟਨ, ਪੁਲਿਸ ਅਫਸਰ ਅਮਿਤ ਟੁਏ, ਟੀ ਐਲ ਸੀ. ਕਮਿਸ਼ਨਰ ਰੇਸ਼ਮ ਸਿੰਘ ਜੀਦੋਵਾਲ, ਇਕਬਾਲ ਸਿੰਘ, ਮੱਖਣ ਸਿੰਘ ਝੋਟੀਆ ਪ੍ਰਧਾਨ ਭਗਵਾਨ ਵਾਲਮੀਕ ਸਭਾ, ਗੁਰਦੇਵ ਸਿੰਘ ਕੰਮ ਪ੍ਰਧਾਨ ਸਿੱਖ ਕਲਚਰ ਸੁਸਾਇਟੀ, ਹਿੰਮਤ ਸਿੰਘ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ, ਟਹਿਲ ਸਿੰਘ ਪ੍ਰਧਾਨ ਬਾਬਾ ਬੰਦਾ ਸਿੰਘ ਸਿੱਖ ਸੁਸਾਇਟੀ, ਸਾਬਕਾ ਵਾਈਸ ਪ੍ਰਧਾਨ ਸਰਦਾਰਾ ਵਿਰਦੀ, ਸਾਬਕਾ ਚੇਅਰਮੈਨ ਨੰਦ ਲਾਲ, ਗੁਰੂ ਘਰ ਦੇ ਸਕੱਤਰ ਚਰਨਜੀਤ ਸਿੰਘ ਝੱਲੀ, ਨਰੇਸ਼ ਰਾਏ, ਗੁਰੂ ਘਰ ਦੇ ਜਨਰਲ ਸਕੱਤਰ ਓਮ ਪ੍ਰਕਾਸ਼ ਮਹਿਮੀ ਅਤੇ ਗੁਰੂ ਘਰ ਦੇ ਮੁੱਖ ਸੇਵਾਦਾਰ ਨਿਰਮਲ ਸਿੰਘ ਨੇ ਆਪਣੀ ਹਾਜ਼ਰੀ ਲਗਵਾ ਕੇ ਗੁਰਬਾਣੀ ਅਤੇ ਗੁਰੂ ਮਹਾਰਾਜ ਜੀ ਦੇ ਜੀਵਨ ਉਪਦੇਸ਼ ਤੇ ਵਿਚਾਰ ਸਾਂਝੇ ਕੀਤੇ।

ਮੀਡੀਏ ਵੱਲੋਂ ਪੀ. ਟੀ. ਸੀ. ਪੰਜਾਬੀ ਤੋਂ ਬਲਵੰਤ ਹੋਠੀ, ਗੁਰਿੰਦਰ ਹੋਠੀ, ਗਲੋਬਲ ਪੰਜਾਬ ਤੋਂ ਟੀਟੂ ਬਾਦਲੀਆ, ਫੋਟੋਗ੍ਰਾਫਰ ਬਲਦੇਵ ਸਿੰਘ ਬੀ. ਜੇ. ਸਟੂਡੀਓ, ਪ੍ਰਿੰਟ ਮੀਡੀਏ ਤੋਂ ਗੁਰਬਖਸ਼ ਸਿੰਘ ਟਾਹਣੀ, ਆਪਣਾ ਪੰਜਾਬ ਤੋਂ ਗੁਰਮੀਤ ਸਿੰਘ ਜਿਹਨਾਂ ਨੇ ਗੁਰੂ ਘਰ ਪਹੁੰਚ ਕੇ ਇਸ ਪੂਰੇ ਪ੍ਰੋਗਰਾਮ ਵਿਚ ਹਾਜ਼ਰੀ ਲਗਵਾਈ। ਸਾਰਿਆਂ ਨੂੰ ਵਿਸ਼ੇਸ਼ ਸਨਮਾਨ ਦੇ ਕੇ ਨਿਵਾਜਿਆ। ਸੰਗਤਾਂ ਦੀ ਹਰ ਸੁਖ ਸਹੂਲਤ ਲਈ ਬਾਹਰ ਵਾਟਰ ਪਰੂਫ ਟੈਂਟ ਹੀਟ ਦੇ ਨਾਲ ਲਗਵਾਏ ਗਏ ਸਨ। ਜਿਸ ਵਿਚ ਚਾਹ-ਪਕੌੜਿਆਂ ਦੇ ਲੰਗਰ ਪੂਰਾ ਦਿਨ ਵਰਤਦੇ ਰਹੇ।

ਗੁਰੂ ਘਰ ਵਿਚ ਪਹੁੰਚੀ ਸੰਗਤ ਲਈ ਬਾਹਰ 2 ਫਲੋਰ, ਬੇਸਮੈਂਟ, ਸਾਰੇ ਦੀਵਾਨ ਹਾਲ ਵਿਚ ਵੱਡੀਆਂ ਟੀ. ਵੀ. ਸਕਰੀਨਾਂ ਲਗਾਈਆਂ ਸਨ ਤਾਂ ਕਿ ਸੰਗਤ ਹਰ ਜਗ੍ਹਾ ਤੋਂ ਚਲਦੇ ਕੀਰਤਨ ਕਥਾ ਨਾਲ ਜੁੜ ਸਕੇ। ਗੁਰੂ ਘਰ ਦੇ ਸਾਰੇ ਪ੍ਰੋਗਰਾਮ ਵਿਚ ਸੇਵਾਦਾਰਾਂ ਨੇ ਤਨ ਮਨ ਧਨ ਨਾਲ ਸੇਵਾ ਕੀਤੀ। ਪਰਮਿੰਦਰ ਸਿੰਘ ਦੀਆਂ ਸੇਵਾਵਾਂ ਬਦਲੇ ਉਹਨਾਂ ਨੂੰ ਵੀ ਵਿਸ਼ੇਸ਼ ਸਨਮਾਨ ਦਿੱਤਾ ਗਿਆ।

ਸਵੇਰੇ 9 ਵਜੇ ਦਾ ਚਲਦਾ ਪ੍ਰੋਗਰਾਮ ਸ਼ਾਮੀ 7.30 ਵਜੇ ਸਮਾਪਤ ਹੋਇਆ। 8 ਤਾਰੀਖ ਦਾ ਸਾਰਾ ਪ੍ਰੋਗਰਾਮ ਇੰਟਰਨੈਟ ਰਾਹੀਂ ਪੂਰੀ ਦੁਨੀਆਂ ਵਿਚ ਵੇਖਿਆ ਗਿਆ। ਗੁਰਬਾਣੀ ਧਾਰਮਿਕ ਸੀ. ਡੀ., ਕਿਤਾਬਾਂ ਦਾ ਵਿਸ਼ੇਸ਼ ਸਟਾਲ ਦੇਸ ਰਾਜ ਸਿੰਘ ਵੱਲੋਂ ਲਗਾਇਆ ਗਿਆ ਸੀ। ਅੰਤ ਵਿਚ ਪ੍ਰਬੰਧਕਾਂ ਵੱਲੋਂ ਸੰਗਤਾਂ ਦਾ ਧੰਨਵਾਦ ਕਰਦਿਆਂ ਸਾਰਿਆਂ ਨੂੰ ਗੁਰੂ ਘਰ ਦੇ ਹਰ ਪ੍ਰੋਗਰਾਮ ਵਿਚ ਵੱਧ ਚੜ੍ਹ ਕੇ ਸਹਿਯੋਗ ਦੇਣ ਲਈ ਪ੍ਰੇਰਿਆ। ਗੁਰੂ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਬਾਣੀ ਜੋ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਸ ਨੂੰ ਪੜ੍ਹ ਕੇ ਜ਼ਿੰਦਗੀ ਵਿਚ ਅਮਲ ਕਰਕੇ ਹੀ ਸੰਸਾਰ ਤੇ ਨਿਰੰਕਾਰ ਦੀ ਦਰਗਾਹ ਵਿਚ ਪਰਵਾਨ ਹੋ ਸਕਦੇ ਹਾਂ।

ਜੋ ਲੋਕ ਮਹਾਰਾਜ ਜੀ ਦਾ ਗੁਰਪੁਰਬ ਨੱਚ ਟੱਪ ਕੇ, ਨਸ਼ੇ ਕਰਕੇ, ਕਲਾਕਾਰਾਂ ਨੂੰ ਤੇ ਨੱਚਣ ਟੱਪਣ ਵਾਲਿਆਂ ਦੇ ਗੀਤ ਗੁਆ ਕੇ ਮਨਾਉਂਦੇ ਹਨ, ਉਹਨਾਂ ਨੂੰ ਵੀ ਇਸ ਤਰ੍ਹਾਂ ਗੁਰਬਾਣੀ ਕੀਰਤਨ, ਕਥਾ ਵਿਚਾਰ, ਢਾਡੀ ਵਾਰਾਂ ਦੇ ਦੀਵਾਨ ਸਜਾ ਕੇ ਮਨਾਉਣਾ ਚਾਹੀਦਾ ਹੈ। ਸੰਗਤਾਂ ਦਾ ਰਿਕਾਰਡਤੋੜ ਇਕੱਠ ਇਹਨਾਂ ਸਮਾਗਮਾਂ ਵਿਚ ਦੇਖਣ ਨੂੰ ਮਿਲਿਆ।

# ਸ਼੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਸੰਗਤਾਂ ਨੇ ਰਲ ਮਿਲ ਕੇ ਮਨਾਇਆ 638ਵਾਂ ਪ੍ਰਕਾਸ਼ ਦਿਹਾੜਾ

8 ਫਰਵਰੀ ਦਿਨ ਐਤਵਾਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਪੜ੍ਹੇ ਗਏ ਤੇ ਭੋਗ ਪਾਏ ਜਾਣ ਉਪਰੰਤ ਰਾਗੀ-ਢਾਡੀ ਜਥਿਆਂ ਨੇ ਬਹੁਤ ਹੀ ਆਨੰਦਮਈ ਰਸ ਭਿੰਨਾ ਗੁਰਬਾਣੀ ਸ਼ਬਦ ਗਾਇਨ ਕੀਤਾ ਅਤੇ ਗੁਰੂ ਜੀ ਦੇ ਜੀਵਨ ਤੇ ਮਿਸ਼ਨ ਦੀਆਂ ਵਾਰਾਂ ਰਾਹੀਂ ਗੁਣਗਾਨ ਕੀਤਾ ਗਿਆ। ਗੁਰਬਾਣੀ ਸ਼ਬਦ ਗਾਇਨ ਦੀ ਸ਼ੁਰੂਆਤ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਮੁੱਖ ਗ੍ਰੰਥੀ ਭਾਈ ਪ੍ਰਕਾਸ਼ ਸਿੰਘ ਜੀ ਦੇ ਜਥੇ ਨੇ ਕੀਤੀ।

ਇਸ ਉਪਰੰਤ ਭਾਈ ਗੁਰਨਾਮ ਸਿੰਘ ਤੇ ਭਾਈ ਓਮਪਾਲ ਸਿੰਘ ਦਾ ਜਥਾ, ਢਾਡੀ ਗੁਰਨਾਮ ਸਿੰਘ ਤੇ ਨਾਭੇ ਵਾਲੀਆਂ ਬੀਬੀਆਂ ਦਾ ਜਥਾ, ਭਾਈ ਬਲਦੇਵ ਸਿੰਘ ਜੀ ਤੇ ਉਹਨਾਂ ਦਾ ਜਥਾ, ਬੀਬੀ ਕਮਲਜੀਤ ਕੌਰ, ਬੀਬੀ ਸੁਰਿੰਦਰ ਕੌਰ, ਬੀਬੀ ਕਮਲਜੀਤ ਕੌਰ ਤੇ ਬੀਬੀ ਸਤਨਾਮ ਕੌਰ, ਬੀਬੀ ਜੋਤ ਰਣਜੀਤ, ਮਨੀਸ਼ਾ ਰੱਤੂ, ਅਨੂਪ ਚੀਮਾ ਅਤੇ ਤਿਰਲੋਕ ਸਿੰਘ, ਜੀਤਾ ਗਿੱਲ ਆਦਿ ਜਥਿਆਂ ਤੇ ਗਾਇਕ ਕਲਾਕਾਰਾਂ ਨੇ ਸਤਿਗੁਰੂ ਰਵਿਦਾਸ ਜੀ ਦੇ ਜੀਵਨ ਮਿਸ਼ਨ ਸਬੰਧਤ ਜਿੱਥੇ ਵਾਰਾਂ/ਗੀਤਾਂ ਰਾਹੀਂ ਜਾਣਕਾਰੀ ਦਿੱਤੀ, ਉਥੇ ਰਾਗੀ-ਢਾਡੀ ਜਥਿਆਂ ਨੇ ਗੁਰਬਾਣੀ ਸ਼ਬਦਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਜਿਸ ਨੂੰ ਸੰਗਤਾਂ ਨੇ ਬਹੁਤ ਸ਼ਾਂਤਮਈ ਮਾਹੌਲ ਵਿਚ ਸਰਵਣ ਕੀਤਾ।

ਇਨ੍ਹਾਂ ਤੋਂ ਇਲਾਵਾ ਜਿਹਨਾਂ ਬੁਲਾਰਿਆਂ ਨੇ ਸਤਿਗੁਰੂ ਰਵਿਦਾਸ ਜੀ ਦੇ ਜੀਵਨ ਫ਼ਲਸਫ਼ੇ ਸਬੰਧਤ ਅਤੇ ਸੰਗਤਾਂ ਨੂੰ ਹਾਰਦਿਕ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ, ਉਹਨਾਂ ਵਿਚ ਸਰਵਸ੍ਰੀ ਓ. ਪੀ. ਬਾਲੀ, ਕਰਮ ਸਿੰਘ ਬੰਗੜ, ਸੋਨੂੰ ਅੰਬੇਦਕਰ, ਪਲਵਿੰਦਰ ਮਾਹੀ, ਵਿਨੋਦ ਕੁਮਾਰ ਚੁੰਬਰ, ਐਮ. ਆਰ. ਪਾਲ, ਭਾਈ ਸੁਖਦੇਵ ਸਿੰਘ, ਪ੍ਰੇਮ ਕੁਮਾਰ ਚੁੰਬਰ ਅਤੇ ਰਮੇਸ਼ ਬੰਗੜ ਆਦਿ ਨਾਂ ਵਰਣਨਯੋਗ ਹਨ।

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਦੇ ਪ੍ਰਧਾਨ ਸ੍ਰੀ ਰਮੇਸ਼ ਸੁਮਨ ਜੀ ਨੇ ਸਮੂਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ, ਰਾਗੀ-ਢਾਡੀ ਜਥਿਆਂ, ਬੁਲਾਰਿਆਂ ਦੇ ਨਾਲ ਨਾਲ ਉਹਨਾਂ ਸਾਰੇ ਦਾਨੀ ਮਹਾਂਪੁਰਸ਼ਾਂ ਦਾ ਕੋਟਿਨ ਕੋਟਿ ਧੰਨਵਾਦ ਕੀਤਾ, ਜਿਹਨਾਂ ਨੇ ਇਸ ਸ਼ੁਭ ਦਿਹਾੜੇ ਤੇ ਆਪੋ ਆਪਣਾ ਯੋਗਦਾਨ ਪਾਇਆ, ਚਾਹੇ ਉਹ ਮਾਇਆ ਦੀ ਸ਼ਕਲ ਵਿਚ ਸੀ, ਜਾਂ ਫਿਰ ਛੋਲੇ-ਭਟੂਰੇ, ਆਲੂ ਟਿੱਕੀ, ਛੋਲੇ ਪੂੜੀ, ਮੱਕੀ ਦੀ ਰੋਟੀ, ਸਾਗ ਨਾਲ ਮਿਠਾਈਆਂ ਤੇ ਫਰੂਟ ਆਦਿ ਖਾਣ ਵਾਲੀ ਰਸਦ ਨਾਲ ਸਟਾਲ ਲਗਾਉਣ ਵਾਲੇ ਜਰਨੈਲ ਸਿੰਘ ਸਕਰੂਲੀ, ਬਲਵਿੰਦਰ ਸਿੰਘ, ਹਰਮੇਸ਼ ਨਾਲ ਸ਼ੀਮਾਰ, ਗੁਰਨਾਮ ਸਿੰਘ ਰੱਤੂ ਆਦਿ ਅਨੇਕਾਂ, ਜਿਹਨਾਂ ਦੇ ਨਾਂ ਰਹਿ ਗਏ ਹੋਣ, ਖਿਮਾ ਦੀ ਜਾਚਨਾ ਕਰਦਿਆਂ ਧੰਨਵਾਦ ਕੀਤਾ। ਪ੍ਰਧਾਨ ਸਾਹਿਬ ਸ੍ਰੀ ਰਮੇਸ਼ ਸੁਮਨ ਨੇ ਸਾਰੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਹੋਰ ਸਿੱਖ ਸਭਾਵਾਂ, ਸੰਸਥਾਵਾਂ ਦੇ ਪ੍ਰਤੀਨਿਧਾਂ ਦਾ ਵੀ ਧੰਨਵਾਦ ਕੀਤਾ, ਜਿਹਨਾਂ ਇਸ ਸ਼ੁਭ ਦਿਹਾੜੇ ਤੇ ਪਹੁੰਚ ਕੇ ਸਾਥ ਦਿੱਤਾ। ਇਹਨਾਂ ਸਭਾਵਾਂ ਦੇ ਨੁਮਾਇੰਦਿਆਂ ਦਾ ਸਿਰੋਪਾਓ ਨਾਲ ਹਾਰਦਿਕ ਸਨਮਾਨ ਕੀਤਾ ਗਿਆ।

ਪ੍ਰਧਾਨ ਸ੍ਰੀ ਸੁੰਮਨ ਨੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਦੀਆਂ ਪੁਰਾਣੀਆਂ ਪ੍ਰਬੰਧਕ ਕਮੇਟੀਆਂ ਅਤੇ ਸੀਨੀਅਰ ਗੁਰੂ ਘਰ ਫਾਊਂਡਰ ਮੈਂਬਰ ਦਾ ਵੀ ਸਮੇਂ ਸਮੇਂ ਦਿੱਤੇ ਸਾਥ ਦਾ ਵੀ ਕੋਟਿਨ ਕੋਟਿ ਧੰਨਵਾਦ ਕੀਤਾ। ਸਟੇਜ ਤੋਂ ਸਰਬਜੀਤ ਬੱਧਨ ਦਾ ਵੀ ਧੰਨਵਾਦ ਕੀਤਾ ਗਿਆ, ਜਿਹਨਾਂ ਨੇ ਇਸ ਸ਼ੁਭ ਅਵਸਰ ਤੇ ਟੀ. ਵੀ. ਸਕਰੀਨ ਰਾਹੀਂ ਸ਼ਬਦ ਅੰਗਰੇਜ਼ੀ-ਪੰਜਾਬੀ ਵਿਚ ਦਿਖਾਇਆ। ਪ੍ਰਧਾਨ ਸ੍ਰੀ ਸੁੰਮਨ ਨੇ ਮੀਡੀਆ ਦਾ ਵੀ ਧੰਨਵਾਦ ਕੀਤਾ। ਇਸ ਦੇ ਨਾਲ ਹੀ ਉਹਨਾਂ ਗੁਰਪੁਰਬ ਦੇ ਪ੍ਰੋਗਰਾਮ ਦੀ ਕਵਰੇਜ਼ ਕਰਨ ਲਈ ਮੀਡੀਏ ਦਾ ਵੀ ਧੰਨਵਾਦ ਕੀਤਾ।

ਅੱਜ ਦੇ ਇਸ ਸ਼ੁਭ ਅਵਸਰ ਤੇ ਲੋਕਲ ਪੁਲਿਸ ਅਫਸਰ ਮਿਸਟਰ ਟਾਮ ਹੈਜ਼ੇ ਸਾਰਜੈਂਟ ਦਾ ਚੇਅਰਮੈਨ ਸ੍ਰੀ ਫਕੀਰ ਮਹਿਮੀ ਤੇ ਕਮੇਟੀ ਮੈਂਬਰਾਂ ਨੇ ਇਕ ''ਪ੍ਰਸ਼ੰਸਾ ਸਰਟੀਫਿਕੇਟ'' ਨਾਲ ਸਨਮਾਨ ਕੀਤਾ। ਅੱਜ ਦੇ ਪ੍ਰੋਗਰਾਮ ਦੀ ਸਟੇਜ ਸਕੱਤਰ ਵਜੋਂ ਸੇਵਾ ਸ੍ਰੀ ਅਭਿਸ਼ੇਕ ਪਾਲ ਨਾੜੇਬੱਟ ਜੀ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ ਤੇ ਕੁਝ ਸਮਾਂ ਉਹਨਾਂ ਦਾ ਸਾਥ ਸ੍ਰੀ ਦਿਲਬਾਗ ਜੀ ਨੇ ਦਿੱਤਾ। ਕੋਈ ਵੀ ਕਾਰੋਬਾਰ ਮਾਇਆ ਦੇ ਬਿਨਾਂ ਨਹੀਂ ਚੱਲ ਸਕਦਾ, ਚਾਹੇ ਉਹ ਕੋਈ ਘਰ ਹੋਵੇ ਜਾਂ ਫਿਰ ਵਿਉਪਾਰ ਜਾਂ ਧਾਰਮਿਕ ਦਰਬਾਰ। ਸੋ ਗੁਰੂ ਘਰ ਲਈ ਗੁਰੂ ਘਰ ਦੀ ਨਵੀਂ-ਪੁਰਾਣੀ ਬਿਲਡਿੰਗ ਦੀ ਡਿਵੈਲਪਮੈਂਟ ਜਾਂ ਫਿਰ ਰਸੋਈ ਜਾਂ ਬਾਥਰੂਮ ਜਾਂ ਹੋਰ ਚਾਹੇ ਪਾਰਕਿੰਗ ਲਾਟ ਜਾਂ ਹੋਰ ਵੀ ਗੁਰੂ ਘਰ ਦੀ ਉਸਾਰੀ 'ਚ ਮਾਇਆ ਦੀ ਸਖ਼ਤ ਜ਼ਰੂਰਤ ਰਹਿੰਦੀ ਹੈ, ਜਿਸ ਲਈ ਪ੍ਰਬੰਧਕ ਕਮੇਟੀ ਨੇ ਨਿਮਰਤਾ ਸਹਿਤ ਬੇਨਤੀਆਂ ਤੇ ਮਾਇਆ ਦਾਨੀਆਂ ਦੇ ਪਾਏ ਜਾ ਰਹੇ ਯੋਗਦਾਨ ਲਈ ਰਸੀਦ ਕੱਟਣ ਦੀ ਸਾਰਾ ਦਿਨ ਸੇਵਾ ਸ੍ਰੀ ਨਰਿੰਦਰ ਚਾਹਲ, ਮਿਸਿਜ ਜਸਵੀਰ ਚਾਹਲ, ਸ੍ਰੀ ਲੇਖ ਰਾਜ ਚੌਖੜੀਆ, ਮਿਸਿਜ਼ ਗਿਆਨ ਸੁੰਮਨ, ਮਿਸਿਜ ਕੁਲਵੰਤ ਬੰਗਾ ਅਤੇ ਮਿਸਿਜ ਨਿੰਮੀ ਰੱਤੂ ਆਦਿ ਨੇ ਸੇਵਾ ਨਿਭਾਈ। ਗੁਰੂ ਘਰ ਦੇ ਅਖੰਡ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ।

# ਖੇਤੀ ਯੂਨੀਵਰਸਿਟੀ ਦੇ ਮਾਹਿਰਾਂ ਨੇ 'ਦੁੱਖ ਭੰਜਨੀ' ਬੇਰੀ ਮੁੜ ਕੀਤੀ ਹਰੀ ਭਰੀ

ਅੰਮ੍ਰਿਤਸਰ- ਸ੍ਰੀ ਹਰਿਮੰਦਰ ਸਾਹਿਬ ਵਿਖੇ ਚਾਰ ਸੌ ਸਾਲਾਂ ਤੋਂ ਵੀ ਵੱਧ ਪੁਰਾਣੀ ਬੇਰੀਆਂ ਨੂੰ ਪਏ ਫਲ (ਬੇਰ) ਨੂੰ ਪ੍ਰਾਪਤ ਕਰਕੇ ਸੰਗਤ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰ ਰਹੀ ਹੈ। ਇਨ੍ਹਾਂ ਤਿੰਨ ਬੇਰੀਆਂ ਨੂੰ ਫਲ ਪੈਣਾ ਸ਼ੁਰੂ ਹੋ ਗਿਆ ਹੈ ਅਤੇ ਬੇਰ ਬਾਬਾ ਬੁੱਢਾ ਸਾਹਿਬ (ਬੇਰੀ) ਨੂੰ ਵਧੇਰੇ ਫਲ ਪਿਆ ਹੈ। ਇਸ ਦੌਰਾਨ ਦੁੱਖ ਭੰਜਨੀ ਬੇਰੀ ਦਾ ਇਕ ਰੁੱਖ ਸੁੱਕ ਗਿਆ ਹੈ ਜਦੋਂ ਕਿ ਉਸ ਨੇੜੇ ਲਾਈ ਨਵੀਂ ਪਿਉਂਦ ਹਰੀ ਹੋਣ ਲੱਗੀ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਤਿੰਨ ਪੁਰਾਤਨ ਬੇਰੀਆਂ ਹਨ, ਜਿਨ੍ਹਾਂ ਵਿੱਚੋਂ ਦੋ ਦੀ ਉਮਰ ਚਾਰ ਸੌ ਸਾਲ ਤੋਂ ਵੀ ਵਧੇਰੇ ਹੈ। ਇਨ੍ਹਾਂ ਵਿੱਚ ਦੁੱਖ ਭੰਜਨੀ ਬੇਰ ਅਤੇ ਬੇਰ ਬਾਬਾ ਬੁੱਢਾ ਸਾਹਿਬ ਸ਼ਾਮਲ ਹਨ। ਤੀਜੀ ਬੇਰੀ ਲਾਚੀ ਬੇਰ ਹੈ। ਦਹਾਕਾ ਪਹਿਲਾਂ ਇਹ ਬੇਰੀਆਂ ਸੁੱਕਣ ਲੱਗੀਆਂ ਸਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਵੱਲੋਂ ਸ਼ੁਰੂ ਕੀਤੀ ਗਈ ਸੇਵਾ ਦੇ ਸਿੱਟੇ ਵਜੋਂ ਇਹ ਪੁਰਾਤਨ ਬੇਰੀਆਂ ਮੁੜ ਹਰੀਆਂ ਭਰੀਆਂ ਹੋ ਗਈਆਂ ਹਨ ਅਤੇ ਇਨ੍ਹਾਂ ਨੂੰ ਫਲ ਵੀ ਪੈਣ ਲੱਗਾ ਹੈ। ਇਥੇ ਆਉਣ ਵਾਲੇ ਕਿਸੇ ਸ਼ਰਧਾਲੂ ਨੂੰ ਜੇਕਰ ਹੇਠਾਂ ਡਿੱਗਾ ਬੇਰ ਮਿਲ ਜਾਂਦਾ ਹੈ ਤਾਂ ਉਹ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰਦਾ ਹੈ। ਕੈਨੇਡਾ ਤੋਂ ਆਏ ਰਜਿੰਦਰ ਸਿੰਘ ਅਤੇ ਦਲਬੀਰ ਕੌਰ ਦੇ ਪਰਿਵਾਰ ਨੂੰ ਅਚਨ ਚੇਤੀ ਹੇਠਾਂ ਡਿੱਗੇ ਬੇਰ ਮਿਲੇ ਤਾਂ ਉਨ੍ਹਾਂ ਨੇ ਇਸ ਨੂੰ ਪ੍ਰਸ਼ਾਦ ਵਜੋਂ ਲਿਆ।

ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਪ੍ਰਤਾਪ ਸਿੰਘ ਨੇ ਆਖਿਆ ਕਿ ਪੁਰਾਤਨ ਬੇਰੀਆਂ ਦੇ ਲੱਗੇ ਬੇਰ ਦੇ ਫਲ ਨੂੰ ਤੋੜ ਕੇ ਵੰਡਣ ਦੀ ਥਾਂ ਰੁੱਖ ਨਾਲ ਹੀ ਲੱਗਾ ਰਹਿਣ ਦਿੱਤਾ ਜਾਵੇਗਾ। ਜੋ ਫਲ ਹੇਠਾਂ ਡਿੱਗੇਗਾ, ਉਹ ਸ਼ਰਧਾਲੂ ਨੂੰ ਮਿਲ ਸਕੇਗਾ। ਉਨ੍ਹਾਂ ਆਖਿਆ ਕਿ ਸਾਂਭ ਸੰਭਾਲ ਕਾਰਨ ਹੀ ਪੁਰਾਤਨ ਬੇਰੀਆਂ ਮੁੜ ਫਲ ਦੇਣ ਯੋਗ ਹੋਈਆਂ ਹਨ। ਪੀਏਯੂ ਦੇ ਮਾਹਿਰ ਡਾ. ਪਰਮਜੀਤ ਸਿੰਘ ਨੇ ਆਖਿਆ ਕਿ ਇਸ ਵਾਰ ਯੂਨੀਵਰਸਿਟੀ ਦੇ ਮਾਹਿਰਾਂ ਵੱਲੋਂ ਇਨ੍ਹਾਂ ਪੁਰਾਤਨ ਬੇਰੀਆਂ ਦੀ ਦੋ ਵਾਰ ਛੰਘਾਈ ਕੀਤੀ ਗਈ ਸੀ ਅਤੇ ਕੀੜਿਆਂ ਤੋਂ ਬਚਾਉਣ ਲਈ ਦਵਾਈ ਦਾ ਛਿੜਕਾਅ ਕੀਤਾ ਗਿਆ ਸੀ। ਇਸ ਤੋਂ ਇਲਾਵਾ ਇਨ੍ਹਾਂ ਦੇ ਆਲੇ ਦੁਆਲੇ ਮਿੱਟੀ ਨੂੰ ਫਰੋਲ ਕੇ ਵਿੱਚ ਖਾਦ ਤੇ ਹੋਰ ਲੋੜੀਂਦੀ ਸਮੱਗਰੀ ਪਾਈ ਗਈ ਸੀ।

# ਬਾਬਾ ਸੋਹਣ ਸਿੰਘ ਭਕਨਾ

## (4 ਜਨਵਰੀ 1870 ਤੋਂ 20 ਦਸੰਬਰ 1968)



ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਨ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਵੇ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ



ਵੇਖਿਆ। 1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣਿਆਂ ਦੀ ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!

**– ਪਸ਼ੌਰਾ ਸਿੰਘ ਢਿੱਲੋਂ**

## ਜੀਵਨ ਸੰਗਰਾਮ

### ਜਨਮ ਤੇ ਬਚਪਨ (ਭਾਗ ਪਹਿਲਾ)

ਮੇਰਾ ਜਨਮ ਜਨਵਰੀ ਸੰਨ 1870 ਵਿਚ ਹੋਇਆ। ਮੇਰੇ ਪਿਤਾ ਦਾ ਨਾਂ ਕਰਮ ਸਿੰਘ, ਧਰਮ ਮਾਤਾ ਜੀ (ਮਤਰੇਈ ਮਾਂ) ਦਾ ਨਾਂ ਹਰ ਕੌਰ, ਜਨਨੀ ਮਾਤਾ ਦਾ ਨਾਂ ਰਾਮ ਕੌਰ ਤੇ ਦਾਦੀ ਜੀ ਦਾ ਨਾਂ ਹੁਕਮ ਕੌਰ ਸੀ।

ਮੇਰੀ ਧਰਮ ਮਾਤਾ ਜੀ ਦੀ ਕੁੱਖੋਂ ਜਦ ਕੋਈ ਸੰਤਾਨ ਨਾ ਹੋਈ ਤਾਂ ਉਹ ਨਿਰਾਸ਼ ਹੋ ਗਏ ਅਤੇ ਮੇਰੇ ਪਿਤਾ ਜੀ ਤੇ ਜ਼ੋਰ ਪਾਇਆ ਕਿ ਉਹ ਦੂਜੀ ਸ਼ਾਦੀ ਕਰਵਾਉਣ ਤਾਂ ਕਿ ਖਾਨਦਾਨ ਦਾ ਨਾਮ ਕਾਇਮ ਰਹੇ। ਮੇਰੇ ਪਿਤਾ ਜੀ ਆਚਰਣ ਦੇ ਬਹੁਤ ਉੱਚੇ ਤੇ ਸਿੱਖ ਧਾਰਮਿਕ ਵਿਚਾਰਾਂ ਵਾਲੇ ਸਨ। ਕਈ ਸਾਲ ਤਾਂ ਉਹ ਮੇਰੀ ਧਰਮ ਮਾਤਾ ਜੀ ਨਾਲ ਸਹਿਮਤ ਨਾ ਹੋਏ। ਪਰ ਮਾਤਾ ਜੀ ਨੇ ਬਹੁਤ ਹੀ ਮਜਬੂਰ ਕੀਤਾ ਤੇ ਇੱਥੋਂ ਤੱਕ ਕਿਹਾ, ''ਤੁਸੀਂ ਖੁਦ ਹੀ ਆਪਣੇ ਖਾਨਦਾਨ ਦਾ ਨਾਂ ਮਿਟਾਉਣਾ ਚਾਹੁੰਦੇ ਹੋ। ਨਾਲੇ ਜੇ ਮੈਂ ਰਾਜ਼ੀ ਹਾਂ ਤਾਂ ਤੁਸੀਂ ਕਿਉਂ ਇਨਕਾਰ ਕਰਦੇ ਹੋ?'' ਆਖਿਰ ਉਹਨਾਂ ਮੇਰੇ ਪਿਤਾ ਜੀ ਨੂੰ ਮਨਾ ਹੀ ਲਿਆ ਤੇ ਆਪ ਹੀ ਕੋਸ਼ਿਸ਼ ਕਰਕੇ ਦੂਜਾ ਵਿਆਹ ਕਰਵਾ ਦਿੱਤਾ।

ਪਿਤਾ ਜੀ ਦੀ ਦੂਸਰੀ ਸ਼ਾਦੀ ਤੋਂ ਦੋ ਸਾਲ ਪਿੱਛੋਂ ਸ਼ੁਰੂ ਜਨਵਰੀ 1870 ਵਿਚ ਨਾਨਕੇ ਘਰ ਪਿੰਡ ਖੁਤਰਾ ਖੁਰਦ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਮੇਰਾ ਜਨਮ ਹੋਇਆ। ਮੈਂ ਅਜੇ ਇਕ ਸਾਲ ਦਾ ਹੀ ਸਾਂ ਕਿ ਮੇਰੇ ਪਿਤਾ ਜੀ ਚਲਾਣਾ ਕਰ ਗਏ, ਪਿੱਛੇ ਤਿੰਨ ਇਸਤਰੀਆਂ ਤੇ ਇਕ ਸਾਲ ਦਾ ਬੱਚਾ ਘਰ ਵਿਚ ਰਹਿ ਗਏ। ਨਾ ਕੋਈ ਚਾਚਾ, ਨਾ ਤਾਇਆ, ਨਾ ਭੈਣ ਨਾ ਭਰਾ। ਉਹ ਇਸ ਤਰ੍ਹਾਂ ਸੀ ਕਿ ਤਿੰਨਾਂ ਪੀੜ੍ਹੀਆਂ ਤੋਂ ਸਾਡੇ ਖਾਨਦਾਨ ਦਾ ਇਕ ਹੀ ਵਾਰਸ ਹੁੰਦਾ ਆਇਆ ਸੀ। ਭਾਵ ਮੇਰੇ ਦਾਦਾ ਜੀ, ਪਿਤਾ ਤੇ ਫਿਰ ਮੈਂ ਸਾਰੇ ਇਕੱਲੇ-ਇਕੱਲੇ ਹੀ ਘਰ ਦੇ ਵਾਰਸ ਰਹੇ।

ਇਸ ਹਾਲਤ ਵਿਚ ਕੁਦਰਤੀ ਤੌਰ ਤੇ ਸਾਡੀ ਜ਼ਮੀਨ ਦੀ ਢੇਰੀ ਇਕੱਠੀ ਰਹੀ ਤੇ ਨਾ ਵੰਡੀ ਜਾਣ ਕਰਕੇ 130 ਵਿੱਘੇ (65 ਏਕੜ) ਪਿੰਡ ਦੇ ਨੇੜੇ ਇਕੋ ਜਗ੍ਹਾ ਕਾਇਮ ਰਹੀ। ਜ਼ਮੀਨ ਅੱਵਲ ਦਰਜੇ ਦੀ ਸੀ। ਇਸ ਵਿਚ ਦੋ ਖੂਹ ਸਨ। ਪਿਤਾ ਜੀ ਦੇ ਚਲਾਣੇ ਪਿੱਛੋਂ ਮੇਰੀ ਦਾਦੀ ਜੀ ਨੇ ਜ਼ਮੀਨ ਦਾ ਬੰਦੋਬਸਤ ਆਪਣੇ ਹੱਥ ਵਿਚ ਲਿਆ ਅਤੇ ਮੇਰੇ ਧਰਮ ਮਾਤਾ ਜੀ ਨੇ ਘਰ ਦਾ। ਮੇਰੇ ਜਨਨੀ ਮਾਤਾ ਉਹਨਾਂ ਦੇ ਕਹੇ ਅਨੁਸਾਰ ਘਰ ਦਾ ਕੰਮ ਕਾਰ ਕਰਦੇ। ਮੇਰੀ ਧਰਮ ਮਾਤਾ ਤੇ ਜਨਨੀ ਮਾਤਾ ਦਾ ਆਪੋ ਵਿਚ ਭੈਣਾਂ ਵਾਲਾ ਸਲੂਕ ਸੀ। ਕਿਸੇ ਓਪਰੇ ਆਦਮੀ ਨੂੰ ਇਹ ਪਤਾ ਹੀ ਨਹੀਂ ਸੀ ਲੱਗਦਾ ਕਿ ਇਹਨਾਂ ਦਾ ਦੁਨਿਆਵੀ ਰਿਸ਼ਤਾ ਕੀ ਸੀ। ਮੇਰਾ ਪਾਲਣ ਪੋਸ਼ਣ ਮੇਰੇ ਧਰਮ ਮਾਤਾ ਕਰਦੇ ਸੀ ਅਤੇ ਮੈਂ ਉਹਨਾਂ ਨੂੰ ਹੀ ਮਾਤਾ ਖਿਆਲ ਕਰਦਾ ਸਾਂ।

ਮੇਰੇ ਧਰਮ ਮਾਤਾ ਬੜੇ ਨਿਰਮਲ ਸੁਭਾਅ ਵਾਲੇ ਸਨ। ਗਲੀ ਮੁਹੱਲੇ ਦੇ ਗਰੀਬ ਬੱਚਿਆਂ ਨਾਲ ਜੋ ਜ਼ਿਆਦਾ ਲੁਹਾਰ, ਤਰਖਾਣ ਤੇ ਜੁਲਾਹੇ ਦਾ ਕੰਮ ਕਰਨ ਵਾਲੇ ਘਰਾਂ ਦੇ ਸਨ- ਬਹੁਤ ਪਿਆਰ ਕਰਦੇ ਸਨ। ਉਹਨਾਂ ਨੂੰ ਈਦ ਵਗੈਰਾ ਦੇ ਤਿਉਹਾਰ ਤੇ ਮਿੱਠੇ ਚੌਲ, ਸੇਵੀਆਂ ਆਦਿ ਬੜੇ ਚਾਅ ਪਿਆਰ ਨਾਲ ਬਣਾ ਕੇ ਖੁਆਉਂਦੇ ਸਨ।

ਮੇਰੇ ਨਾਲ ਪਿੰਡ ਦੇ ਬਜ਼ੁਰਗ ਬਹੁਤ ਪਿਆਰ ਕਰਦੇ ਸਨ। ਜਦ ਮੈਂ 8-9 ਸਾਲ ਦਾ ਹੋਇਆ ਤਾਂ ਮੈਨੂੰ ਮੇਰੇ ਪਿਤਾ ਜੀ ਬਾਰੇ ਬਹੁਤ ਕੁਝ ਦੱਸਣ ਲੱਗੇ। ਉਨ੍ਹਾਂ ਦੱਸਣਾ ਕਿ ਜਦ ਕਦੇ ਵੀ ਕਾਲ ਪੈ ਜਾਂਦਾ ਤਾਂ ਮੇਰੇ ਪਿਤਾ ਜੀ ਗਰੀਬਾਂ ਲਈ ਦਾਣਿਆਂ ਦੇ ਕੋਠੇ ਖੋਲ੍ਹ ਦਿੰਦੇ ਤੇ ਮੁਫ਼ਤ ਅਨਾਜ ਵੰਡਦੇ। ਜਦ ਕਿਤੇ ਸਿਆਲ ਵਿਚ ਗੰਨਿਆਂ ਦੀ ਰਸ ਕਢਾਉਂਦੇ ਤਾਂ 16-16 ਪਹਿਰਾਂ ਦਾ ਰਸ ਚੌਲਾਂ ਸਮੇਤ ਗਰੀਬਾਂ ਨੂੰ ਵੰਡਦੇ। ਇਸੇ ਤਰ੍ਹਾਂ ਉਹ ਆਪਣੇ ਧਾਰਮਿਕ ਖਿਆਲਾਂ ਵਿਚ ਲੀਨ ਰਹਿੰਦੇ ਅਤੇ ਮਾਇਆ ਨਾਲ ਬਹੁਤ ਘੱਟ ਪਿਆਰ ਕਰਦੇ।

ਉਹਨੀਂ ਦਿਨੀਂ ਸਿੱਖ ਬੱਚਿਆਂ ਨੂੰ ਗੁਰਮੁਖੀ ਪੜ੍ਹਾਉਣਾ ਜ਼ਰੂਰੀ ਸਮਝਿਆ ਜਾਂਦਾ ਸੀ। ਮੈਨੂੰ ਵੀ ਮੇਰੀ ਧਰਮ ਮਾਤਾ ਜੀ ਨੇ ਗੁਰਦੁਆਰੇ ਦੇ ਗ੍ਰੰਥੀ ਕੋਲ ਗੁਰਮੁਖੀ ਪੜ੍ਹਨ ਲਈ ਭੇਜਿਆ। ਮੈਂ ਪੰਜ ਗ੍ਰੰਥੀ, ਦਸ ਗ੍ਰੰਥੀ ਤੇ ਭਗਤ ਬਾਣੀ ਪੜ੍ਹੀਆਂ। ਲਿਖਣਾ ਤਾਂ ਗ੍ਰੰਥੀ ਖੁਦ ਵੀ ਨਹੀਂ ਜਾਣਦੇ ਸਨ। ਜ਼ਮੀਨ ਤੇ ਜਾਂ ਲੱਕੜੀ ਦੀ ਤਖਤੀ ਤੇ ਕੁਝ ਲਿਖਾਈ ਕਰਵਾਉਂਦੇ ਸਨ- ਬੱਸ ਟੁੱਟੀ ਭੱਜੀ। ਇਹੋ ਕਾਰਨ ਹੈ ਕਿ ਮੈਨੂੰ ਅਜੇ ਵੀ ਸਕੂਲਾਂ ਦੇ ਪੜ੍ਹੇ ਬੱਚਿਆਂ ਵਾਂਗ ਚੰਗੀ ਤਰ੍ਹਾਂ ਤੇ ਸੁੰਦਰ ਅੱਖਰਾਂ ਵਿਚ ਲਿਖਣਾ ਨਹੀਂ ਆਉਂਦਾ।

ਉਸ ਵਕਤ ਤੱਕ ਸਾਡੇ ਪਿੰਡ ਸਰਕਾਰੀ ਸਕੂਲ ਹੈ ਨਹੀਂ ਸੀ। ਜਦ ਮੈਂ 11 ਸਾਲ ਦਾ ਹੋਇਆ ਤਾਂ ਸਕੂਨ ਖੁੱਲ੍ਹਣ ਤੇ ਮੈਨੂੰ ਉਸ ਵਿਚ ਦਾਖਲ ਕਰਵਾਇਆ ਗਿਆ। ਧਰਮ ਮਾਤਾ ਜੀ ਨੇ ਮੈਨੂੰ ਫਾਰਸੀ ਦੇ ਸਕੂਲ ਵਿਚ ਦਾਖਲ ਕਰਵਾ ਦਿੱਤਾ। ਸਕੂਲ ਵਿਚ ਪ੍ਰਾਇਮਰੀ (ਆਰੰਭਕ ਵਿਦਿਆ) ਚੰਗੇ ਨੰਬਰ ਲੈ ਕੇ ਪਾਸ ਕੀਤੀ।

ਸਕੂਲ ਦੇ ਸਮੇਂ ਦੀ ਇਕ ਘਟਨਾ ਮੈਨੂੰ ਅੱਜ ਵੀ ਯਾਦ ਹੈ। ਇਕ ਵਾਰ ਇਕ ਮੁੰਡੇ ਨੇ ਮੇਰੀ ਅੱਧੀ ਦਵਾਤ ਉਲੱਦ ਲਈ। ਛੁੱਟੀ ਪਿੱਛੋਂ ਮੈਂ ਉਸ ਨੂੰ ਫੜ ਲਿਆ ਪਰ ਉਸ ਦੇ ਵੱਡੇ ਭਰਾ ਨੇ ਚਪੇੜਾਂ ਮਾਰ-ਮਾਰ ਕੇ ਮੈਨੂੰ ਬੇਹਾਲ ਕਰ ਦਿੱਤਾ। ਮੈਂ ਅੰਦਰੋਂ-ਅੰਦਰ ਬੜਾ ਪਸ਼ੇਮਾਨ ਹੋਇਆ ਤੇ ਫੈਸਲਾ ਕਰ ਲਿਆ ਸੀ ਕਿ ਸਰੀਰਕ ਤੌਰ 'ਤੇ ਤਕੜਾ ਬਣਾਂਗਾ। ਇਕ ਰੁਪਿਆ ਤੇ ਗੁੜ ਦੀ ਰੋੜੀ ਦੇ ਕੇ ਮੈਂ ਇਕ ਅਖਾੜੇ ਵਿਚ ਘੁਲਣ ਲੱਗ ਪਿਆ। ਸਕੂਲ ਵਿਚ ਮੁਨਸ਼ੀ ਜੀ ਨੇ ਡਾਂਟਿਆ ਅਤੇ ਮਾਤਾਵਾਂ ਨੇ ਵੀ ਵਰਜਿਆ ਕਿ ਹੱਡ-ਬਾਂਹ ਤੁੜਵਾ ਬੈਠੇਂਗਾ। ਪਰ ਮੈਂ ਆਖਿਆ ਕਿ ਮੈਂ ਘਰ ਵਿਚ ਕੱਲੋ-ਕੱਲਾ ਹਾਂ। ਜੇ ਮੈਂ ਕਮਜ਼ੋਰ ਰਿਹਾ ਤਾਂ ਲੋਕਾਂ ਮੇਰਾ ਫੱਕਾ ਨਹੀਂ ਛੱਡਣਾ। ਛੇ ਕੁ ਮਹੀਨੇ ਘੁਲ ਕੇ ਤੇ ਚੰਗਾ ਖਾ ਪੀ ਕੇ ਮੈਂ ਵਾਹਵਾ ਤਕੜਾ ਹੋ ਗਿਆ। ਮੈਂ ਉਹਨਾਂ ਭਰਾਵਾਂ ਤੋਂ ਬਦਲਾ ਲੈਣਾ ਚਾਹੁੰਦਾ ਸੀ ਤੇ ਇਕ ਦਿਨ ਇਸ ਦਾ ਮੌਕਾ ਵੀ ਮਿਲ ਗਿਆ। ਸਾਡੀ ਜ਼ਮੀਨ ਵਿਚ ਇਕ ਥਾਂ ਖੂਹ ਨੇੜੇ ਮਲ੍ਹੇ ਬਹੁਤ ਸਨ ਤੇ ਬੇਰ ਵੀ ਬੜੇ ਲੱਗਦੇ ਸਨ। ਉਹ ਦੋਵੇਂ ਭਰਾ ਇਕ ਦਿਨ ਉਥੇ ਆਏ। ਉਹ ਮੇਰੀ ਜ਼ਮੀਨ ਵਿਚ ਸਨ ਤੇ ਮੈਂ ਵੀ ਹੁਣ ਨਰੋਏ ਸਰੀਰ ਵਾਲਾ ਚੋਬਰ ਸਾਂ। ਮੈਂ ਉਹਨਾਂ ਨੂੰ ਦੋ-ਦੋ ਟਿਕਾਈਆਂ ਤੇ ਨਸਾ ਦਿੱਤਾ।

ਫਾਰਸੀ ਦੀਆਂ ਕਿਤਾਬਾਂ 'ਗੁਲਿਸਤਾਂ' 'ਬੋਸਤਾਂ' ਤੇ ਹੋਰ ਮਜ਼ਮੂਨਾਂ ਜਿਵੇਂ ਹਿਸਾਬ ਵਗੈਰਾ ਵਿਚ ਵੀ ਅੱਛਾ ਰਿਹਾ ਤੇ ਮੈਨੂੰ ਚੰਗਾ ਸਰਟੀਫਿਕੇਟ ਮਿਲਿਆ। ਮੈਨੂੰ ਪੜ੍ਹਾਈ ਦਾ ਸ਼ੌਕ ਵੀ ਬਹੁਤ ਸੀ ਪਰ ਮੁਸ਼ਕਿਲ ਇਹ ਪਈ ਕਿ ਉਹਨੀਂ ਦਿਨੀਂ ਅੰਗਰੇਜ਼ੀ (ਹਾਈ) ਸਕੂਲ ਸਿਰਫ ਸ਼ਹਿਰਾਂ ਵਿਚ ਹੀ ਸਨ, ਪਿੰਡਾਂ ਵਿਚ ਨਹੀਂ। ਜਦ ਮੈਂ ਮਾਤਾ ਜੀ ਨੂੰ ਸ਼ਹਿਰ ਜਾ ਕੇ ਪੜ੍ਹਾਈ ਕਰਨ ਲਈ ਕਿਹਾ, ਤਾਂ ਉਹਨਾਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਤੈਨੂੰ ਪੜ੍ਹਨ ਲਈ ਸ਼ਹਿਰ ਭੇਜ ਕੇ ਪਿੱਛੇ ਅਸੀਂ ਕਿਸ ਤਰ੍ਹਾਂ ਤੇਰੇ ਬਗੈਰ ਰਹਾਂਗੇ? ਇੱਥੇ ਮੇਰਾ ਇਕਲੌਤਾ-ਪੁਣਾ ਮੇਰੀ ਵਿੱਦਿਆ ਦਾ ਰਾਹ ਡੱਕ ਖਲੋਤਾ ਅਤੇ ਮੈਂ ਉੱਚੀ ਵਿੱਦਿਆ ਤੋਂ ਵਾਂਝਿਆਂ ਰਹਿ ਗਿਆ। ਇਸ ਦਾ ਪਛਤਾਵਾ ਮੈਨੂੰ ਸਾਰੀ ਉਮਰ ਰਿਹਾ ਅਤੇ ਹੁਣ ਵੀ ਹੈ। ਮੇਰੀ ਵਿਦਿਆ ਕੇਵਲ ਪ੍ਰਾਇਮਰੀ ਉਰਦੂ ਹੈ।

ਦੋਸਤਾਂ ਦੇ ਭੇਸ ਵਿਚ ਦੁਸ਼ਮਣ- ਜਦ ਮੈਂ ਸੋਲਾਂ ਸਾਲ ਦਾ ਹੋਇਆ ਤਾਂ ਚੰਗੀ ਖੁਰਾਕ ਮਿਲਦੇ ਰਹਿਣ ਕਰਕੇ ਗੱਭਰੂ ਨਜ਼ਰ ਆਉਣ ਲੱਗਾ। ਦਾਦੀ ਜੀ ਹੁਣ ਬਿਰਧ ਹੋ ਚੁੱਕੇ ਸਨ। ਸੋ ਉਹਨਾਂ ਨੇ ਜ਼ਮੀਨ ਦਾ ਬੰਦੋਬਸਤ ਮੇਰੇ ਹਵਾਲੇ ਕਰ ਦਿੱਤਾ। ਮੇਰੇ ਪਿਤਾ ਜੀ ਨੇ ਚੰਗੀ ਜ਼ਮੀਨ ਹੁੰਦਿਆਂ ਵੀ ਕੋਈ ਖਾਸ ਨਕਦੀ ਜਮ੍ਹਾ ਨਹੀਂ ਕੀਤੀ ਸੀ। ਕਿਉਂਕਿ ਉਹ ਸਿੱਖ ਧਾਰਮਿਕ ਖਿਆਲਾਂ ਦੇ ਸਨ ਤੇ ਸ਼ੁਭ ਕੰਮਾਂ ਤੇ ਖਰਚ ਕਰਦੇ ਰਹਿੰਦੇ ਸਨ। ਪਰ ਉਹਨਾਂ ਦੇ ਚਲਾਣੇ ਪਿੱਛੋਂ ਮੇਰੇ ਬਾਲਗ ਹੋਣ ਤੱਕ ਘਰ ਵਿਚ ਕਾਫੀ ਰੁਪਿਆ ਜਮ੍ਹਾ ਹੋ ਚੁੱਕਿਆ ਸੀ।

ਪਿੰਡਾਂ ਤੇ ਸ਼ਹਿਰਾਂ ਵਿਚ ਅਜਿਹੇ ਅਯਾਸ਼ ਅਤੇ ਸ਼ਰਾਬੀ ਲੋਕ ਹੁੰਦੇ ਹਨ ਜੋ ਇਸ ਤਾਕ ਵਿਚ ਰਹਿੰਦੇ ਹਨ ਕਿ ਕੋਈ ਨਾ-ਤਜਰਬੇਕਾਰ ਨੌਜਵਾਨ ਹੱਥ ਲੱਗ ਜਾਵੇ ਜਿਸਦੇ ਘਰ ਵਿਚ ਜਾਇਦਾਦ ਤੇ ਜ਼ਮੀਨ ਵਗੈਰਾ ਵੀ ਹੋਵੇ ਤਾਂ ਕਿ ਉਹਨੂੰ ਢਾਹੇ ਚਾੜ੍ਹ ਕੇ ਆਪਣਾ ਉੱਲੂ ਸਿੱਧਾ ਕੀਤਾ ਜਾਵੇ। ਇਹਨਾਂ ਨੂੰ 'ਯਾਰ ਲੋਕ' ਕਿਹਾ ਜਾਂਦਾ ਹੈ ਜੋ ਦੋਸਤਾਂ ਦੇ ਭੇਸ ਵਿਚ ਦੁਸ਼ਮਣ ਹੁੰਦੇ ਹਨ।

ਹੁਣ ਇਹ ਯਾਰ ਲੋਕ ਮੇਰੇ ਦੁਆਲੇ ਆ ਇਕੱਠੇ ਹੋਏ। ਜੇ ਕਿਤੇ ਮੈਂ ਉਹਨਾਂ ਦੀ ਮੰਡਲੀ ਤੋਂ ਇਕ ਘੰਟਾ ਵੀ ਪੱਛੜ ਜਾਂਦਾ ਤਾਂ ਵਾਰੀ-ਵਾਰੀ ਮੇਰੇ ਘਰ ਆ ਕੇ ਆਵਾਜ਼ਾਂ ਮਾਰਦੇ ਤੇ ਕਹਿੰਦੇ ''ਸਰਦਾਰ ਜੀ, ਅਸੀਂ ਤਾਂ ਸਾਰੇ ਤੁਹਾਡੀ ਉਡੀਕ ਵਿਚ ਹਾਂ।'' ਮੈਂ ਵੀ ਉਹਨਾਂ ਦੀ ਇਸ ਗੱਲਬਾਤ ਨੂੰ ਸੱਚਾ ਪਿਆਰ ਸਮਝਦਾ ਸਾਂ। ਇਸ ਤਰ੍ਹਾਂ ਹਰ ਰੋਜ਼ ਸ਼ਰਾਬ ਕਬਾਬ ਦਾ ਦੌਰ ਚੱਲਣ ਲੱਗਾ ਤੇ ਯਾਰ ਲੋਕ ਆਪਣੀ ਸਿੱਖਿਆ ਦੇਣ ਲੱਗੇ। ਉਹ ਕਹਿੰਦੇ ''ਸਰਦਾਰ ਜੀ ਤੁਹਾਡੇ ਕੋਲ ਸ਼ਿਕਾਰੀ ਕੁੱਤੇ ਤੇ ਵਧੀਆ ਸ਼ਿਕਾਰ ਲੱਗੀਆਂ ਘੋੜੀਆਂ ਨਾ ਹੋਣ ਤੇ ਚਾਰ ਬੰਦੇ ਤੁਹਾਡੇ ਨਾਲ ਰੋਟੀ ਨਾ ਖਾਣ ਤਾਂ ਫਿਰ ਜਿਊਣ ਦਾ ਮਜ਼ਾ ਹੀ ਕੀ ਹੋਇਆ? ਜੇ ਤੁਹਾਨੂੰ ਪੈਸੇ ਦੀ ਲੋੜ ਪਵੇ ਤਾਂ ਅਸੀਂ ਹਾਜ਼ਰ ਹਾਂ, ਪੂਰੀ ਕਰਾਂਗੇ।'' ਇੰਝ ਮੈਂ ਉਹਨਾਂ ਨੂੰ ਸੱਚੇ ਦੋਸਤ ਮੰਨ ਕੇ ਉਹਨਾਂ ਦੀ ਸਿੱਖਿਆ ਤੇ ਅਮਲ ਕਰਨ ਲੱਗਾ ਅਤੇ ਦਿਨ ਰਾਤ ਸ਼ਰਾਬਖ਼ੋਰੀ ਤੇ ਸ਼ਿਕਾਰ ਖੇਡਣ ਦੇ ਸ਼ੁਗਲ ਵਿਚ ਲੱਗ ਗਿਆ।

ਜਦ ਤਿੰਨ ਚਾਰ ਹਜ਼ਾਰ ਰੁਪਿਆ ਕਰਜ਼ਾ ਹੋ ਜਾਂਦਾ ਤਾਂ ਕਰਜ਼ ਦੇਣ ਵਾਲੇ ਰੁਪਿਆ ਮੰਗਦੇ। ਫਿਰ ਮੈਂ ਧਰਮ ਮਾਤਾ ਜੀ ਦੀ ਸ਼ਰਨ ਲੈਂਦਾ। ਉਹ ਪਹਿਲਾਂ ਸਮਝਾਉਣ ਦਾ ਯਤਨ ਕਰਦੇ। ਪਰ ਜਦੋਂ ਮੈਂ ਬਹੁਤ ਮਿੰਨਤ ਤਰਲਾ ਕਰਦਾ ਤਾਂ ਇਹ ਕਹਿ ਕੇ ਰੁਪਿਆ ਦੇ ਦੇਂਦੇ 'ਬੇਟਾ ਇਹ ਤੁਹਾਡਾ ਹੀ ਰੁਪਿਆ ਹੈ, ਜੇ ਸੰਭਲ ਕੇ ਖਰਚ ਕਰੋਗੇ ਤਾਂ ਤੁਸੀਂ ਹੀ ਸੁਖੀ ਰਹੋਗੇ।' ਇਸ ਤਰ੍ਹਾਂ ਕਈ ਵਾਰ ਧਰਮ ਮਾਤਾ ਜੀ ਨੇ ਹਜ਼ਾਰਾਂ ਰੁਪਏ ਦਿੱਤੇ। ਬਲਕਿ ਸਾਰਾ ਜੀਵਨ- ਧਨ ਤੇ ਆਪਣੇ ਹਿੱਸੇ ਦੀ ਅੱਧੀ ਜ਼ਮੀਨ ਵੀ ਮੇਰੇ ਤੋਂ ਵਾਰ ਦਿੱਤੀ।

ਸੱਚ ਤਾਂ ਇਹ ਹੈ ਕਿ ਮੇਰੀ ਧਰਮ ਮਾਤਾ ਵਰਗੀ ਮਾਤਾ ਸ਼ਾਇਦ ਹੀ ਕਿਸੇ ਨੂੰ ਨਸੀਬ ਹੋਈ ਹੋਵੇਗੀ। ਇਸ ਬੁਰੀ ਸੁਸਾਇਟੀ ਵਿਚ ਮੈਂ ਜੀਵਨ ਦੇ ਕੀਮਤੀ ਦਸ ਸਾਲ ਬਰਬਾਦ ਕੀਤੇ ਤੇ ਨਾਲ ਧਨ ਦੌਲਤ ਵੀ। ਇਸ ਤਰ੍ਹਾਂ 25 ਸਾਲ ਦਾ ਹੋ ਕੇ 26ਵੇਂ ਸਾਲ ਦੇ ਸ਼ੁਰੂ ਵਿਚ ਮੇਰੇ ਜੀਵਨ ਵਿਚ ਨਵਾਂ ਪਲਟਾਅ ਆਇਆ ਤੇ ਜੀਵਨ ਦਾ ਨਵਾਂ ਦੌਰ ਸ਼ੁਰੂ ਹੋਇਆ।

---

### ਵਿਚਾਰ ਆਪੋ-ਆਪਣਾ

# ਇਹ ਹੈ, ਘਰ ਵਾਪਸੀ !

**-ਹਰਬੰਸ ਵਿਰਦੀ, ਲੰਡਨ**



11 ਜਨਵਰੀ 2015 ਨੂੰ ਗੁਜਰਾਤ ਦੇ ਮਸ਼ਹੂਰ ਸ਼ਹਿਰ ਸੂਰਤ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਲੋਕ ਇਕੱਠੇ ਹੋਏ। ਜਿਸ ਵਿੱਚ ਮਹਾਰਾਸ਼ਟਰ ਤੋਂ ਬੰਬਈ, ਪੂਨਾ, ਨਾਗਪੁਰ, ਔਰੰਗਾਬਾਦ, ਗੁਜਰਾਤ ਦੇ ਬਾਕੀ ਸ਼ਹਿਰ ਅਹਿਮਦਾਬਾਦ, ਬੜੌਦਾ, ਗਾਂਧੀ ਨਗਰ, ਪੰਜਾਬ, ਯੂਪੀ, ਵਿਹਾਰ, ਹਰਿਆਣਾ ਹੀ ਨਹੀਂ ਬਲਕਿ ਅਮਰੀਕਾ, ਕਨੇਡਾ, ਜਰਮਨੀ, ਡੂਬਈ, ਯੂਕੇ, ਇਟਲੀ, ਅਸਟਰੇਲੀਆ ਆਦਿ ਦੇਸ਼ਾਂ ਤੋਂ ਬੋਧੀ ਅਤੇ ਅੰਬੇਡਕਰੀ ਸ਼ਾਮਲ ਹੋਏ। ਵਿਸਟਨ ਬੁਧਿੱਸਟ ਔਡਰ ਯੂਕੇ ਵਲੋਂ ਕਈ ਅੰਗਰੇਜ਼ ਬੋਧੀਆਂ ਨੇ ਹਿੱਸਾ ਲਿਆ। ਸਵੇਰੇ 9 ਵਜੇ ਹੀ ਲੋਕ ਸੂਰਤ ਅਤੇ ਸੂਰਤ ਦੇ ਆਲੇ-ਦੁਆਲੇ ਦੇ ਸਭ ਤੋਂ ਬੜੇ ਹਾਲ "ਸੂਰਤ ਇੰਟਰਨੈਸ਼ਨਲ ਐਗਜ਼ੀਵਿਊਸ਼ਨ & ਕਨਵੈਂਸ਼ਨ ਸੈਂਟਰ, ਸਰਸਾਨਾ-ਖਾਜੋੜ ਕਰੌਸ ਰੋਡ ਵਿੱਚ ਇਕੱਠੇ ਹੋਣੇ ਸ਼ੂਰੂ ਹੋ ਗਏ। ਇਸ ਪ੍ਰੋਗਰਾਮ ਤੋਂ ਇੱਕ ਦਿਨ ਪਹਿਲਾਂ ਸ਼ਾਮ ਨੂੰ ਆਜ਼ਾਦ ਨਗਰ ਭਦਾਰ, ਸੂਰਤ ਦੇ ਇੱਕ ਬੁੱਧ ਵਿਹਾਰ ਤੋਂ ਸ਼ੁਰੂ ਹੋ ਕੇ ਸ਼ੋਭਾ ਯਾਤਰਾ ਸਾਢੇ ਤਿੰਨ ਕਿਲੋਮੀਟਰ ਪੈਦਲ ਯਾਤਰਾ ਕਰਕੇ ਇਸ ਹਾਲ ਵਿੱਚ ਇਕੱਠੀ ਪਹੁੰਚੀ। ਜਿਸ ਵਿੱਚ ਮੈਂ, ਚੰਡੀਗੜ੍ਹ ਤੋਂ ਜੇਮਜ਼ ਰੋਇਲ, ਯੂ ਕੇ ਤੋਂ ਰਾਮਪਾਲ ਰਾਹੀ, ਅਤੇ ਜਰਮਨੀ ਸੋਹਣ ਲਾਲ ਸਾਂਪਲਾ ਜੀ ਵੀ ਸ਼ਾਮਲ ਸਨ। ਵਿਦੇਸ਼ਾਂ ਵਿੱਚੋਂ ਆਏ ਹੋਏ ਮਹਿਮਾਨਾਂ ਲਈ ਸੂਰਤ ਦੇ ਸਰਕਟ ਹਾਉਸ ਵਿੱਚ ਕਮਰੇ ਬੁੱਕ ਕੀਤੇ ਹੋਏ ਸਨ। ਸਵੇਰੇ 6-7 ਵੱਡੀਆਂ ਟਾਟਾ ਸੂਮੋ ਵਰਗੀਆਂ ਗੱਡੀਆਂ ਸਾਰੇ ਵਿਦੇਸ਼ੀਆਂ ਨੂੰ ਹਾਲ ਵਿੱਚ ਲੈਕੇ ਜਾਣ ਦਾ ਪ੍ਰਬੰਧ ਸੀ। ਮੈਂ ਹੈਰਾਨ ਹੋ ਗਿਆ ਕਿ ਇਤਨਾ ਵਿਸ਼ਾਲ ਹਾਲ ਹੈ, ਹਾਲ ਦੇ ਬਾਹਰ 20-25 ਸਟਾਲ ਭਗਵਾਨ ਬੁੱਧ ਅਤੇ ਬਾਬਾ ਸਾਹਿਬ ਵਾਰੇ ਲਿਟਰੇਚਰ, ਸਟੈਚੂ, ਲੌਕਟ, ਝੰਡੇ, ਕਲੰਡਰ ਆਦਿ ਵੇਚ ਰਹੇ ਸਨ। ਮੈਂ ਤਾਂ ਸਮਝਦਾ ਸੀ ਕਿ ਗਾਂਧੀ ਦੀ ਸਟੇਟ ਵਿੱਚ ਥੋੜਾ ਬਹੁਤ ਬੁੱਧ ਧੰਮ ਹੋਵੇਗਾ ਪਰ ਮੈਂ ਤਾਂ ਹੱਕਾ-ਬੱਕਾ ਰਹਿ ਗਿਆ ਕਿ ਇਹ 20-25 ਸਟਾਲਾਂ ਵਾਲੇ ਇਸ ਆਮਦਨੀ ਨਾਲ ਹੀ ਆਪਣੇ ਪ੍ਰੀਵਾਰਾਂ ਦਾ ਪਾਲਣ-ਪੋਸਣ ਕਰ ਰਹੇ ਹਨ?

ਚਿੱਟੇ ਰੰਗ ਦੀਆਂ ਅਸ਼ੋਕ ਚੱਕਰ ਵਾਲੀਆਂ ਸਾੜੀਆਂ ਪਹਿਨਕੇ ਔਰਤਾਂ, ਬਹੁਤ ਜ਼ਿਆਦਾ ਗਿਣਤੀ ਵਿੱਚ ਮਰਦ ਵੀ ਚਿੱਟੇ ਕੱਪੜੇ ਪਹਿਨੇ ਹੋਏ, ਨੌਜਵਾਨਾਂ ਦੇ ਮੱਥੇ ਤੇ ਜੈ ਭੀਮ ਦੇ ਪੱਟੇ, ਭਗਵਾਨ ਬੁੱਧ ਦੇ ਗਲੇ ਵਿੱਚ ਲੌਕਟ, ਨੀਲੀਆਂ ਟੋਪੀਆਂ, ਗਲੇ ਵਿੱਚ ਪੰਚ ਰੰਗ ਦੇ ਸਕਾਫ, ਸਾਰੇ ਸੇਵਕਾਂ ਦੇ ਚਿੱਟੇ ਕੱਪੜੇ ਨੀਲੇ ਵੈਜ, ਅਤੇ ਸਭ ਦੇਖਕੇ ਇਹ ਲੱਗਦਾ ਸੀ ਕਿ ਹੁਣ ਬਾਬਾ ਸਾਹਿਬ ਵਾਲਾ ਪ੍ਰਬੁੱਧ ਭਾਰਤ ਬਣਨ ਵਿੱਚ ਕੋਈ ਜ਼ਿਆਦ ਦੇਰ ਨਹੀਂ ਹੈ, ਗੁਜਰਾਤ ਦੇ ਲੋਕ ਜ਼ਿਆਦਾ ਤੌਰ ਵਪਾਰੀ ਲੋਕ ਹਨ। ਗੁਜਰਾਤ ਨੇ ਕਦੀ ਵੀ ਇਤਹਾਸ ਵਿੱਚ ਕੋਈ ਲੜਾਈ ਨਹੀਂ ਲੜੀ, ਅਗਰ ਗੁਜਰਾਤ ਦੇ ਲੋਕ ਬੁੱਧ ਧੰਮ ਨੂੰ ਇਤਨਾ ਗੰਭੀਰਤਾ ਨਾਲ ਲੈ ਰਹੇ ਹਨ ਤਾਂ ਬਾਕੀ ਸਟੇਟਾਂ ਵਿੱਚ ਕਿਤਨੀ ਗੰਭੀਰਤਾ ਹੋਵੇਗੀ?

ਇੱਕ ਬਹੁਤ ਬੜੀ ਸਟੇਜ ਬਣਾਈ ਗਈ ਸੀ ਜਿਸ ਦੇ ਇੱਕ ਪਾਸੇ ਭਿੱਖੂ ਸੰਘ ਦੇ 50 ਤੋਂ ਵੀ ਜ਼ਿਆਦਾ ਮੈਂਬਰ ਸਨਮਾਨਤ ਸਨ ਜਿਨ੍ਹਾਂ ਵਿੱਚੋਂ ਵਰਣਨ ਯੋਗ ਨਾਂਅ ਭਦੰਤ ਸੰਘ ਸੈਨ ਮਹਾਥੇਰੋ ਲਦਾਖ, ਭਾਦੰਤ ਰਾਹੁਲਬੋਧੀ ਮਾਹਥੇਰੋ ਬੰਬਈ, ਦਵਿੰਦਰ ਥੇਰੋ, ਲਖਨਊ, ਪ੍ਰਗਿਆਬੋਧੀ ਤਕਸ਼ਸਿਲਾ ਮਹਾ ਵਿਹਾਰ, ਲੁਧਿਆਣਾ, ਪੰਜਾਬ। ਸੰਘ ਦੇ ਖੱਬੇ ਹੱਥ ਵਿਸ਼ੇਸ਼ ਮਹਿਮਾਨ ਬੈਠੇ ਸਨ। ਇਸ ਸਮਾਗਮ ਦੇ ਖਾਸ ਮਹਿਮਾਨ, ਭਾਰਤ ਦੇ ਸਾਬਕਾ ਚੀਫ ਜਸਟਿਸ ਬਾਲਾਕ੍ਰਿਸ਼ਨਨ ਜੀ ਸਨ। ਜਿਉਂ ਹੀ ਚੀਫ ਜਸਟਿਸ ਹਾਲ ਵਿੱਚ ਪਹੁੰਚੇ ਸਾਰੇ ਲੋਕ ਖੜੇ ਹੋਏ ਤਾਂ ਸਾਰਿਆਂ ਦੀਆਂ ਤਾਲ੍ਹੀਆਂ ਨਾਲ ਸਾਰਾ ਹਾਲ ਗੂੰਜ ਉੱਠਿਆ। ਸਟੇਜ ਸਕੱਤਰ ਦਾ ਕੰਮ ਰਾਮੇਸ਼ ਕਟਕੇ ਜੀ ਨੇ ਬੜੀ ਹੀ ਯੋਗਤਾ ਨਾਲ ਨਿਭਾਇਆ। ਸਭ ਤੋਂ ਪਹਿਲਾਂ ਹਾਲ ਵਿੱਚ ਬੈਠੇ 35,000 ਤੋਂ ਵੀ ਜ਼ਿਆਦਾ ਲੋਕਾਂ ਨੇ ਕਨਵੈਂਸ਼ਨ ਦੇ ਪ੍ਰੈਜ਼ੀਡੈਂਟ ਸੰਘ ਸੈਨ ਜੀ ਮਹਾਥੇਰੋ, ਲਦਾਖ਼ ਨੂੰ ਤ੍ਰੀ ਸ਼ਰਣ ਅਤੇ ਪੰਚ ਸ਼ੀਲ ਦੇਣ ਲਈ ਅਰਾਧਨਾ ਕੀਤੀ। ਦੁਨੀਆ ਭਰ ਵਿੱਚੋਂ ਆਏ ਹੋਏ ਵਿਦਵਾਨਾਂ ਨੇ ਭਗਵਾਨ ਬੁੱਧ ਅਤੇ ਬਾਬਾ ਸਾਹਿਬ ਦੇ ਹਰ ਪਹਿਲੂ ਤੇ ਚਾਨਣਾ ਪਾਇਆ। ਬਾਲਾਕ੍ਰਿਸ਼ਨਨ ਚੇਅਰ ਨੈਸ਼ਨਲ ਹਊਮਨ ਰਾਇਟਸ ਕਮਿਸ਼ਨਰ ਔਫ ਇੰਡੀਆ ਨੇ ਸਭ ਤੋਂ ਪਹਿਲਾਂ ਆਪਣੇ ਵਿਚਾਰ ਭਾਰਤ ਦੇ ਮੌਜੂਦਾ ਕਾਨੂੰਨ ਦੀ ਦਿਸ਼ਾ ਵਾਰੇ ਪੇਸ਼ ਕੀਤੇ, ਅੰਗਰੇਜ਼ਾਂ ਦੀ ਟੀਮ ਵਿੱਚੋਂ ਧੰਮਾਚਾਰੀ ਲੋਕਮਿੱਤਰਾ ਜੀ ਨੇ ਕਿਹਾ ਕਿ ਵਿਜੇ ਦਸ਼ਮੀ ਨਾਗਪੁਰ ਅਤੇ 6 ਦਸੰਬਰ ਚੈਤਯ ਭੂਮੀ, ਬੰਬਈ ਤੋਂ ਬਾਦ ਮੈਂ ਪਹਿਲੀ ਵਾਰ ਇਤਨੀ ਬੇਸ਼ੁਮਾਰ ਗਿਣਤੀ ਵਿੱਚ ਲੋਕ ਦੇਖ ਰਿਹਾ ਹਾਂ, ਰਾਮ ਦਾਸ ਅਠ-ਾਵਲੇ ਨੈਸ਼ਨਲ ਪ੍ਰੈਜ਼ੀਡੈਂਟ ਰੀਪਲਿਕਨ ਪਾਰਟੀ ਔਫ ਇੰਡੀਆ, ਬਹੂਜਨਨਿਊਜ਼ ਚੈਨਲ ਦੇ ਸੰਚਾਲਕ ਜੇਮਜ਼ ਰੌਇਲ ਚੰਡੀਗੜ੍ਹ, ਜਗਿੰਦਰ ਕਵਾੜੇ ਲੀਡਰ ਪੀਪਲਜ਼ ਰੀਪਲਿਕਨ ਪਾਰਟੀ, ਬੀਨੂਭਾਈ ਭੈਰਵੀਆ ਰੀਟਾਇਰਡ ਹਾਈ ਕੋਰਟ ਜੱਜ, 108 ਸਾਲ ਦੇ ਬਜ਼ੁਰਗ ਜਯਦੇਵ ਬਾਪਾ (ਜਿਨ੍ਹਾਂ ਨੇ 14 ਅਕਤੂਬਰ 1956 ਨੂੰ ਬਾਬਾ ਸਾਹਿਬ ਦੇ ਨਾਲ ਬੁੱਧ ਧੰਮ ਅਪਣਾਇਆ ਸੀ), ਸੀ ਡੀ ਨਾਇਕ ਪ੍ਰੋਫੈਸਰ ਮਹੂ ਯੂਨੀਵਰਸਿਟੀ, ਵੀ ਕੇ ਚੌਧਰੀ ਅਮਰੀਕਾ ਤੋਂ, ਪਦਮ ਸ੍ਰੀ ਕਲਪਨਾ ਸਰੋਜ ਬੰਬਈ, ਸੁਬੱਚਨ ਰਾਮ ਆਈ ਆਰ ਐਸ ਬੰਬਈ, ਰਾਮ ਪਾਲ ਰਾਹੀ ਪ੍ਰੈਜ਼ੀਡੈਂਟ ਪੰਜਾਬ ਬੁਧਿੱਸਟ ਸੁਸਾਇਟੀ ਯੂ ਕੇ, ਪ੍ਰੋਫੈਸਰ ਡਾ: ਚਿੱਤਰਾ ਬਾਬੂ ਲਖਨਊ ਯੂਨੀਵਰਸਿਟੀ, ਰਾਹੀ ਭੀਡੇ ਅਡੀਟਰ ਪੂੰਨਿਆ ਨਗਰੀ ਰੋਜ਼ਾਨਾ ਮਰਾਠੀ, ਐਡਵੋਕੇਟ ਸਨੇਹਾ ਗਿੱਲ ਦਿੱਲੀ, ਭਾਰੂਲਤਾ ਕਾਂਬਲੇ ਸੋਸ਼ੋ ਮੀਡੀਆ ਯੂ ਕੇ, ਚੰਦਰਭਾਨ ਰਾਵਤ ਦਿੱਲੀ, ਸੋਹਣ ਸਾਂਪਲਾ ਜਰਮਨੀ, ਇਸ ਪ੍ਰੋਗਰਾਮ ਦੇ ਕਰਤਾ-ਧਰਤਾ ਜਿਨ੍ਹਾਂ ਨੇ 3 ਮਹੀਨੇ ਪਹਿਲਾਂ ਹੀ ਲੰਡਨ ਤੋਂ ਬੈਠੇ ਹੀ ਇਸ ਸਮਾਗਮ ਦੀ ਕਾਮਯਾਬੀ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਸੂਰਤ ਦੇ ਸਰਕਟ ਹਾਊਸ ਵਿੱਚ ਪ੍ਰੋਗਰਾਮ ਤੋਂ 18 ਦਿਨ ਪਹਿਲਾਂ ਪਹੁੰਚ ਕੇ ਆਪਣੀ ਸਾਰੀ ਟੀਮ ਨਾਲ ਕੰਮ ਕਰਨਾ ਆਰੰਭ ਕਰ ਦਿੱਤਾ, ਗੌਤਮ ਚੱਕਰਬਰਟੀ ਜੋ ਕਿ ਸਮਾਗਮ ਤੋਂ ਤਿੰਨ ਦਿਨ ਪਹਿਲਾਂ 24 ਗੰਟੇ ਕੰਮ ਕਰਦੇ ਰਹੇ । ਪ੍ਰੋਗਰਾਮ ਦੇ ਅੰਤ ਵਿੱਚ ਇਹ ਲੱਗਦਾ ਸੀ ਕਿ ਗੌਤਮ ਹੁਣ ਵੀ ਡਿਗੇ- ਹੁਣ ਵੀ ਡਿਗੇ ! ਮੈਨੂੰ ਵੀ ਆਪਣੇ ਵਿਚਾਰ ਰੱਖਣ ਲਈ 7 ਮਿੰਟ ਦਾ ਸਮਾਂ ਦਿੱਤਾ। ਉਪਰੋਕਤ ਵਿਦਵਾਨਾਂ ਨੇ ਵੱਖ ਵੱਖ ਪਹਿਲੂਆਂ ਤੇ ਚਾਨਣਾ ਪਾਇਆ।

ਬੌਲੀਵੁਡ ਦੇ ਸੰਗੀਤਕਾਰ ਆਨੰਦ ਸ਼ਿੰਦੇ ਜਿਉਂ ਹੀ ਹਾਲ ਵਿੱਚ ਸ਼ਾਮਲ ਹੋਏ ਖਾਸ ਕਰਕੇ ਸਾਰੇ ਨੌਜਵਾਨ ਅਤੇ ਔਰਤਾਂ ਨੇ ਜ਼ੋਰਦਾਰ ਤਾਲੀਆਂ ਨਾਲ ਉਸਦਾ ਸਨਮਾਨ ਕੀਤਾ । ਆਨੰਦ ਸ਼ਿਦੇ ਨੇ ਇੱਕ ਘੰਟਾ ਆਪਣੇ ਸੰਗੀਤ ਰਾਹੀਂ ਬੁੱਧ ਦਾ ਸੰਦੇਸ਼ ਅਤੇ ਬਾਬਾ ਸਾਹਿਬ ਦੇ ਮਿਸ਼ਨ ਨੂੰ ਚਾਰ ਚੰਦ ਲਗਾਏ ।

ਨਾਗਪੁਰ ਤੋਂ ਲਤਾ ਡੋਂਗਰੇ ਨੇ ਮਾਤੋਸ਼੍ਰੀ ਰਾਮਾਈ ਜੀ ਦੀ ਜੀਵਨੀ ਤੇ ਇੱਕ ਨਾਟਕ ਪੇਸ਼ ਕੀਤਾ ਇਹ ਨਾਟਕ ਲਤਾ ਜੀ ਨੇ ਤਕਰੀਬਨ ਦੁਨੀਆ ਦੇ ਹਰ ਸ਼ਹਿਰ ਵਿੱਚ ਜਿੱਥੇ ਅੰਬੇਡਕਰੀ ਰਹਿੰਦੇ ਹਨ, ਕੀਤਾ ਹੈ। ਮੈਂ ਜਿਤਨੀ ਵਾਰ ਵੀ ਇਹ ਨਾਟਕ ਦੇਖਿਆ, ਕਦੀ ਵੀ ਇਹ ਨਹੀਂ ਹੋਇਆ ਕਿ ਮੈਂ ਨਾ ਰੋਇਆ ਹੋਵਾਂ, ਇਤਨੇ ਦੁੱਖ ਸਾਡੀ ਮਾਤੋਸ਼੍ਰੀ ਰਾਮਾਈ ਜੀ ਨੇ ਸਾਡੇ ਸੁੱਖ ਲਈ ਝੱਲੇ !

ਰਾਤ ਦੇ ਅੱਠ ਵਜੇ ਪ੍ਰੋਗਰਾਮ ਖਤਮ ਹੋਣ ਤੋਂ ਪਹਿਲਾਂ ਸਵੇਰੇ 10 ਵਜੇ ਤੋਂ ਆਏ ਹੋਏ ਲੋਕਾਂ ਨੇ ਭਿੱਖੂ ਸੰਘ ਨੂੰ ਬੇਨਤੀ ਕੀਤੀ ਕਿ ਅਸੀਂ ਬੋਧੀ ਤਾਂ ਪਹਿਲਾਂ ਹੀ ਹਾਂ ਕਿਉਂਕਿ ਸਮਰਾਟ ਹਰਸ਼ ਵਰਧਨ ਤੋਂ ਬਾਦ ਸਾਨੂੰ 25% ਮੂਲ ਬੋਧੀਆਂ ਨੂੰ ਕਦੀ ਵੀ ਹਿੰਦੂ ਨਹੀਂ ਮੰਨਿਆ ਗਿਆ।

ਸਾਡੇ ਰਹਿਬਰ ਬਾਬਾ ਸਾਹਿਬ ਡਾ: ਅੰਬੇਡਕਰ ਅਨੁਸਾਰ ਅਸੀਂ ਪੁਰਾਣੇ ਬੋਧੀ ਹਾਂ, ਭੰਤੇ ਜੀ ਸਾਨੂੰ 22 ਪ੍ਰਤਿਗਿਆਂ ਦੇਣ ਦੀ ਮਿਹਰਬਾਨੀ ਕਰੋ। ਹਾਲ ਵਿੱਚ ਸਾਰੇ ਸ਼ਾਮਲ ਲੋਕਾਂ ਨੇ 22 ਪ੍ਰਤਿਗਿਆਂ ਲਈਆਂ । ਹੈਰਾਨੀ ਵਾਲੀ ਗੱਲ ਇਹ ਸੀ ਕਿ ਪ੍ਰੋਗਰਾਮ ਸਵੇਰੇ 10 ਵਜੇ ਸ਼ੁਰੂ ਹੋਇਆ, ਇਹ ਸਹੀ ਗੱਲ ਹੈ ਕਿ ਲੋਕ ਹਾਲ ਵਿੱਚੋਂ ਉੱਠ ਕੇ ਜਾਂਦੇ ਅਤੇ ਆਉਂਦੇ ਰਹੇ ਪਰ 10ਵਜੇ ਤੋਂ ਲੈ ਕੇ ਪ੍ਰੋਗਰਾਮ ਖਤਮ ਹੋਣ ਤੱਕ ਹਾਲ ਭਰਿਆ ਹੀ ਦਿਖਾਈ ਦਿੱਤਾ, ਕਿਉਂਕਿ ਮੈਂ ਸਟੇਜ ਉੱਤੇ ਬੈਠਾ ਸਭ ਦੇਖ ਰਿਹਾ ਸੀ।

## ਸਾਹਿਬਜ਼ਾਦਾ ਅਜੀਤ ਸਿੰਘ ਜੀ ਦੇ ਜਨਮ ਦਿਨ 'ਤੇ

# ਸਿੱਖ ਇਤਿਹਾਸ ਦੇ 'ਫ਼ਖ਼ਰ-ਏ-ਕੌਮ' ਯੋਧੇ



**ਆਉਣ ਵਾਲੀਆਂ ਕੌਮਾਂ ਹਮੇਸ਼ਾ ਇਨ੍ਹਾਂ ਸ਼ਹੀਦੀਆਂ ਤੋਂ ਪ੍ਰੇਰਨਾ ਲੈ ਕੇ, ਧਰਮ ਦੀ ਰੱਖਿਆ ਲਈ, ਇਨਸਾਫ ਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ, ਪ੍ਰੇਰਨਾ ਲੈਂਦੀਆਂ ਰਹਿਣਗੀਆਂ। ਜਦੋਂ ਵੀ ਕਦੀ ਸਿੱਖ ਧਰਮ ਦੀ ਆਨ ਤੇ ਸ਼ਾਨ ਨੂੰ ਖਤਰਾ ਹੋਵੇ, ਜ਼ੁਲਮ ਨੂੰ ਨਾ ਸਹਾਰਦੇ ਹੋਏ, ਹਮੇਸ਼ਾ ਕੁਰਬਾਨੀਆਂ ਦੇਣ ਲਈ ਤਿਆਰ ਰਹੋ ਤੇ ਪਿੱਛੇ ਨਾ ਹਟੋ, ਜਿਵੇਂ ਕਿ ਉਹਨਾਂ ਨੇ ਆਪਣੇ ਬੇਟਿਆਂ ਦੀ ਕੁਰਬਾਨੀ ਦੇ ਕੇ ਸੰਸਾਰ ਨੂੰ ਦੱਸ ਦਿੱਤਾ ਹੈ ਕਿ ਉਹਨਾਂ ਨੂੰ ਸਿਰਫ ਆਪਣੇ ਬੇਟਿਆਂ ਦੀ ਕੁਰਬਾਨੀ ਨਾਲੋਂ ਸਿੱਖ ਧਰਮ ਦੇ ਆਦਰਸ਼ਾਂ ਲਈ ਕੁਰਬਾਨ ਹੋਣਾ ਜ਼ਿਆਦਾ ਪਿਆਰਾ ਹੈ। ਸੰਸਾਰ ਦੇ ਲੋਕਾਂ ਨੂੰ ਇਹ ਸੰਦੇਸ਼ ਵੀ ਜਾਂਦਾ ਹੈ ਕਿ ਗੁਰੂ ਜੀ ਤੇ ਉਨ੍ਹਾਂ ਦੇ ਸਿੱਖ ਕਿੰਨੇ ਬਹਾਦਰ ਤੇ ਨਿੱਡਰ ਸਨ। ਉਹ ਆਪਣੀਆਂ ਜ਼ਿੰਦਗੀਆਂ ਨੂੰ ਇੰਨਾ ਪਿਆਰ ਨਹੀਂ ਕਰਦੇ, ਜਿਨ੍ਹਾਂ ਗੁਰੂ ਸਾਹਿਬ ਦੇ ਹੁਕਮਾਂ ਨੂੰ ਪਿਆਰ ਕਰਦੇ ਹਨ।**

ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਤੇ ਉਹਨਾਂ ਦੀ ਸੁਪਤਨੀ ਮਾਤਾ ਜੀਤੋ ਜੀ (ਜਿਨ੍ਹਾਂ ਦਾ ਦੂਸਰਾ ਨਾਮ ਮਾਤਾ ਸੁੰਦਰੀ ਜੀ ਵੀ ਸੀ) ਦੇ ਚਾਰ ਸਪੁੱਤਰ ਸਨ, ਜਿਹਨਾਂ ਦੇ ਕ੍ਰਮਵਾਰ ਨਾਮ ਹਨ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ। ਸਾਹਿਬਜ਼ਾਦਾ ਅਜੀਤ ਸਿੰਘ ਤੇ ਗੁਰੂ ਸਾਹਿਬ ਜੀ ਦੇ ਦੂਸਰੇ ਪੁੱਤਰਾਂ ਨੂੰ ਸਿਆਣਪ ਤੇ ਸਤਿਕਾਰ ਵਜੋਂ 'ਬਾਬਾ ਜੀ' ਵੀ ਕਿਹਾ ਜਾਂਦਾ ਹੈ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ 11 ਫਰਵਰੀ, 1687 ਈਸਵੀ ਨੂੰ ਪੌਂਟਾ ਸਾਹਿਬ ਵਿਖੇ ਹੋਇਆ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਵੱਡੇ ਸਪੁੱਤਰ ਸਨ। ਗੁਰੂ ਸਾਹਿਬ ਪਰਿਵਾਰ ਸਮੇਤ ਸ੍ਰੀ ਪੌਂਟਾ ਸਾਹਿਬ ਛੱਡ ਕੇ ਆਨੰਦਪੁਰ ਸਾਹਿਬ ਆ ਗਏ ਤੇ ਉਨ੍ਹਾਂ ਦੇ ਦੂਸਰੇ ਤਿੰਨਾਂ ਸਪੁੱਤਰਾਂ ਦਾ ਜਨਮ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੀ ਹੋਇਆ।



ਪ੍ਰੋ: ਐਚ ਐਲ ਕਪੂਰ
916- 587-4002

ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਪਾਲਣ-ਪੋਸ਼ਣ ਆਨੰਦਪੁਰ ਸਾਹਿਬ ਵਿਖੇ ਹੀ ਸਿੱਖ ਮਰਿਆਦਾ ਅਨੁਸਾਰ ਹੋਇਆ। ਉਹਨਾਂ ਨੂੰ ਧਾਰਮਿਕ ਸਿੱਖਿਆ, ਸਿੱਖ ਦਾਰਸ਼ਨਿਕ ਸਿਧਾਂਤਾਂ, ਇਤਿਹਾਸ, ਯੁੱਧ ਕਲਾਵਾਂ ਜਿਵੇਂ: ਘੋੜ ਸਵਾਰੀ, ਤਲਵਾਰ ਚਲਾਉਣਾ, ਗਤਕਾ ਤੇ ਤੀਰ ਅੰਦਾਜ਼ੀ ਦੀ ਸਿੱਖਿਆ ਦਿੱਤੀ ਗਈ। 'ਖਾਲਸਾ ਪੰਥ' ਦੀ ਅਪ੍ਰੈਲ 13, 1699 ਨੂੰ ਸਥਾਪਨਾ ਉਪਰੰਤ ਉਹਨਾਂ ਨੂੰ ਛੇਤੀ ਹੀ ਆਪਣੀ ਯੋਗਤਾ ਤੇ ਯੁੱਧ ਕਲਾ ਵਿਚ ਨਿਪੁੰਨਤਾ ਦਿਖਾਉਣ ਦਾ ਮੌਕਾ ਦਿੱਤਾ ਗਿਆ। ਪੋਠੋਹਾਰ (ਪੋਠੋਹਾਰ ਜੋ ਉੱਤਰ-ਪੂਰਬ ਪੰਜਾਬ ਵਿਚ ਸਥਿਤ ਹੈ) ਤੋਂ ਇਕ ਸਿੱਖ ਜਥਾ (ਸੰਗਤ) ਜੋ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਸ੍ਰੀ ਆਨੰਦਪੁਰ ਸਾਹਿਬ ਵੱਲ ਆ ਰਿਹਾ ਸੀ, ਨੂੰ ਨੂਹ, ਜੋ ਕਿ ਸ੍ਰੀ ਆਨੰਦਪੁਰ ਸਾਹਿਬ ਦੇ ਨਜ਼ਦੀਕ ਹੀ ਸਥਿਤ ਹੈ, ਵਿਖੇ ਮੁਸਲਮਾਨ ਰੰਗੜ ਕਬੀਲਿਆਂ ਨੇ ਲੁੱਟ ਲਿਆ। ਇਹ ਸਾਰੀ ਵਾਰਤਾ ਸਿੱਖ ਸੰਗਤ ਨੇ ਆਨੰਦਪੁਰ ਸਾਹਿਬ ਆ ਕੇ ਗੁਰੂ ਸਾਹਿਬ ਨੂੰ ਦੱਸੀ। ਗੁਰੂ ਸਾਹਿਬ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਜੀ, ਜੋ ਉਸ ਸਮੇਂ ਸਿਰਫ 12 ਸਾਲ ਦੇ ਹੀ ਸਨ, ਨੂੰ ਉਸ ਪਿੰਡ 100 ਸਿੰਘਾਂ ਦਾ ਜਥਾ ਦੇ ਕੇ ਭੇਜਿਆ ਤੇ ਉਥੇ ਪਹੁੰਚ ਕੇ ਐਨ ਮੌਕੇ 'ਤੇ 23 ਮਈ, 1699 ਨੂੰ ਉਨ੍ਹਾਂ ਰੰਗੜਾਂ ਨੂੰ ਫੜ ਕੇ ਸਜਾਅ ਦਿੱਤੀ ਤੇ ਲੁੱਟਿਆ ਗਿਆ ਸਾਰਾ ਸਮਾਨ ਪ੍ਰਾਪਤ ਕਰਕੇ ਸਿੱਖ ਜਥੇ ਨੂੰ ਦੇ ਦਿੱਤਾ।

ਉਸੇ ਸਾਲ ਹੀ ਗੁਰੂ ਸਾਹਿਬ ਨੇ ਆਪਣੇ ਸਪੁੱਤਰ ਨੂੰ ਇਕ ਹੋਰ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ। ਉਸ ਸਮੇਂ ਦੇ ਪਹਾੜੀ ਰਾਜੇ, ਜਿਹਨਾਂ ਨੂੰ ਮੁਗਲ ਰਾਜ ਦੀ ਲਾਹੌਰ ਤੇ ਸਰਹਿੰਦ ਵਿਖੇ ਸਥਿਤ ਫੌਜ ਦੀ, ਪੂਰੀ ਮਦਦ ਸੀ, ਨਾਲ ਸ੍ਰੀ ਆਨੰਦਪੁਰ ਸਾਹਿਬ 'ਤੇ ਮਿਤੀ 29 ਅਗਸਤ, 1700 ਈਸਵੀ ਨੂੰ ਹਮਲਾ ਕਰ ਦਿੱਤਾ। ਮੁਗਲ ਫੌਜ ਨਾਲ ਤਾਰਾਗੜ੍ਹ ਕਿਲ੍ਹੇ ਦੀ ਰੱਖਿਆ ਕਰਦਿਆਂ, ਬੜੀ ਜ਼ਬਰਦਸਤ ਟੱਕਰ ਹੋਈ। ਇਸ ਲੜਾਈ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਨਾਲ ਬਹਾਦਰ ਸਿੱਖ, ਸਰਦਾਰ ਉਦੈ ਸਿੰਘ ਜੀ ਨੇ, ਇਕ ਸਹਾਇਕ ਵਜੋਂ, ਇਸ ਯੁੱਧ ਵਿਚ ਸਹਿਯੋਗ ਦਿੱਤਾ। ਨਿਰਮੋਹਗੜ੍ਹ ਦੀ ਅਕਤੂਬਰ, 1700 ਦੀ ਲੜਾਈ ਵਿਚ ਵੀ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਮਾਰਚ 15, 1701 ਈਸਵੀ ਨੂੰ ਸਿੱਖ ਸੰਗਤ ਜੋ ਕਿ ਸਿਆਲਕੋਟ ਦੇ ਨੇੜੇ ਦਰਪ ਖੇਤਰ ਤੋਂ ਆ ਰਹੀ ਸੀ, ਨੂੰ ਰਸਤੇ ਵਿਚ ਹੀ ਗੁਜਰਾਂ ਤੇ ਰੰਗੜਾਂ ਨੇ ਲੁੱਟ ਲਿਆ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਇਹਨਾਂ ਨੂੰ ਸਬਕ ਸਿਖਾਉਣ ਲਈ ਫਿਰ ਅਗਵਾਈ ਕੀਤੀ।

ਮਾਰਚ, 1703 ਵਿਚ ਇਕ ਅਜਿਹੀ ਘਟਨਾ ਵਾਪਰੀ ਕਿ ਡੇਰਾਬੱਸੀ, ਜੋ ਹੁਸ਼ਿਆਰਪਰ ਦੇ ਨਜ਼ਦੀਕ ਹੀ ਹੈ ਵਿਖੇ ਇਕ ਬ੍ਰਾਹਮਣ ਜਿਸ ਦਾ ਨਾਮ ਦੇਵਕੀ ਦਾਸ ਸੀ, ਉਸ ਦੀ ਪਤਨੀ ਨੂੰ ਉਥੇ ਦਾ ਚੌਧਰੀ ਜਾਬਰ ਖਾਨ ਧੱਕੇ ਨਾਲ ਉਠਾ ਕੇ ਲੈ ਗਿਆ ਤਾਂ ਉਸ ਬ੍ਰਾਹਮਣ ਨੇ ਇਹ ਸਾਰੀ ਘਟਨਾ ਗੁਰੂ ਜੀ ਨੂੰ ਦੱਸੀ ਤਾਂ ਗੁਰੂ ਸਾਹਿਬ ਜੀ ਨੇ ਅੱਗੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਭਾਈ ਉਦੇ ਸਿੰਘ ਜੀ ਨੂੰ ਕਾਰਵਾਈ ਕਰਕੇ ਉਸ ਚੌਧਰੀ ਪਾਸੋਂ ਗਰੀਬ ਬ੍ਰਾਹਮਣ ਦੀ ਪਤਨੀ ਨੂੰ ਛੁਡਵਾ ਕੇ ਲਿਆਉਣ ਲਈ ਕਿਹਾ। ਮਾਰਚ 7, 1703 ਈਸਵੀ ਵਾਲੇ ਦਿਨ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਉਦੇ ਸਿੰਘ ਜੀ ਨੇ ਡੇਰਾ ਬੱਸੀ ਕਲਾਂ ਨੂੰ ਕੋਈ ਸੌ ਸਿੰਘਾਂ ਦੇ ਜਥੇ ਨਾਲ ਘੇਰਾ ਪਾ ਲਿਆ ਤੇ ਜ਼ਾਬਰ ਖਾਨ ਨੂੰ ਉਸ ਗਰੀਬ ਬ੍ਰਾਹਮਣ ਦੀ ਉਠਾਈ ਗਈ ਪਤਨੀ ਨੂੰ ਵਾਪਸ ਮੋੜਨ ਲਈ ਸੁਨੇਹਾ ਭੇਜਿਆ। ਜ਼ਾਬਰ ਖਾਨ ਨੇ ਅਜਿਹਾ ਕਰਨ ਦੀ ਥਾਂ ਆਪਣੇ ਸਿਪਾਹੀਆਂ ਨੂੰ ਕਿਹਾ ਕਿ ਇਨ੍ਹਾਂ ਸਿੰਘਾਂ ਤੇ ਹਮਲਾ ਕਰ ਦਿੱਤਾ ਜਾਵੇ। ਉਥੇ ਜ਼ਾਬਰ ਖਾਨ ਦੇ ਸਿਪਾਹੀਆਂ ਤੇ ਸਿੰਘਾਂ ਵਿਚਕਾਰ ਜ਼ਬਰਦਸਤ ਲੜਾਈ ਹੋਈ, ਜਿਸ ਵਿਚ ਜ਼ਾਬਰ ਖਾਨ ਤੇ ਉਸ ਦੇ ਕਾਫੀ ਸਿਪਾਹੀ ਮਾਰੇ ਗਏ ਤੇ ਕਾਫੀ ਸਿੰਘ ਵੀ ਸ਼ਹੀਦ ਹੋ ਗਏ। ਉਸ ਗਰੀਬ ਬ੍ਰਾਹਮਣ ਦੀ ਪਤਨੀ ਨੂੰ, ਉਸ ਨੂੰ ਮੋੜ ਦਿੱਤਾ। ਜਦੋਂ ਇਸ ਘਟਨਾ ਦੀ ਖ਼ਬਰ ਆਮ ਲੋਕਾਂ ਵਿਚ ਪਹੁੰਚੀ ਤਾਂ ਉਨ੍ਹਾਂ ਨੇ ਇਸ ਕਾਰਵਾਈ ਦੀ ਬੜੀ ਪ੍ਰਸ਼ੰਸਾ ਕੀਤੀ।

27 ਸਤੰਬਰ 1691 ਈਸਵੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਮਾਤਾ ਜੀਤੋ ਜੀ ਦੀ ਕੁੱਖੋਂ ਦੂਸਰੇ ਸਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਜੁਝਾਰ ਸਿੰਘ ਰੱਖਿਆ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਸਾਹਿਬਜ਼ਾਦਾ ਅਜੀਤ ਸਿੰਘ ਜੀ ਤੋਂ ਚਾਰ ਸਾਲ ਛੋਟੇ ਸਨ। ਸਾਹਿਬਜ਼ਾਦਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਜੀ ਲਈ, ਉਨ੍ਹਾਂ ਦੇ ਕੀਤੇ ਗਏ ਮਹਾਨ ਕੰਮਾਂ ਕਾਰਨ ਪ੍ਰੇਰਨਾ ਸਰੋਤ ਬਣੇ। ਆਨੰਦਪੁਰ ਸਾਹਿਬ ਤੇ ਉਸ ਦੇ ਗਿਰਦ ਪਹਾੜੀ ਖੇਤਰ ਵਿਚ ਕਈ ਝੜੱਪਾਂ ਤੇ ਕਾਰਵਾਈਆਂ ਹੋਈਆਂ। ਜਿਨ੍ਹਾਂ ਵਿਚ ਬਾਬਾ ਜੁਝਾਰ ਸਿੰਘ ਜੀ ਨੇ ਆਪਣੇ ਵੱਡੇ ਭਰਾ ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਸਾਥ ਦਿੱਤਾ ਤੇ ਸਫਲਤਾ ਪ੍ਰਾਪਤ ਕੀਤੀ। ਜੋ ਵੀ ਗਰੀਬ ਜਾਂ ਕਮਜ਼ੋਰ ਆਦਮੀ ਗੁਰੂ ਜੀ ਪਾਸ ਆਉਂਦਾ, ਉਸ ਦੀ ਉਹ ਮਦਦ ਕਰਦੇ ਤੇ ਗੁਰੂ ਜੀ ਨੂੰ ਵੀ ਉਹਨਾਂ ਦੀ ਮਦਦ ਤੇ ਇਨਸਾਫ ਦਿਵਾਉਣ ਲਈ ਆਖਦੇ।ਇਸੇ ਤਰ੍ਹਾਂ ਹੀ ਪੂਰੀ 'ਗੁਰ ਮਰਿਆਦਾ' ਅਨੁਸਾਰ ਉਨ੍ਹਾਂ ਨੂੰ ਵੀ ਆਪਣੇ ਵੱਡੇ ਵੀਰ ਦੀ ਤਰ੍ਹਾਂ ਸਿੱਖਿਆ ਦਿੱਤੀ ਗਈ।

'ਖਾਲਸਾ ਪੰਥ' ਦੀ ਸਥਾਪਨਾ ਦੇ ਤੁਰੰਤ ਬਾਅਦ ਗੁਰੂ ਸਾਹਿਬ ਦੀ ਚੜ੍ਹਤ ਦੇਖ ਕੇ ਮੁਸਲਮਾਨ ਤੇ ਹਿੰਦੂ ਸਮਾਜ ਵਿਚ ਕਾਫੀ ਵਿਰੋਧਤਾ ਵੱਧ ਗਈ। ਗੁਰੂ ਸਾਹਿਬ ਜੀ ਦਾ ਮੁੱਖ ਉਦੇਸ਼ ਉਸ ਸਮੇਂ ਦੇ ਜ਼ਾਲਮ ਹਾਕਮਾਂ ਤੋਂ ਆਪਣੇ ਬਰਾਬਰੀ ਦੇ ਅਧਿਕਾਰ ਲੈਣਾ ਤੇ ਇਨ੍ਹਾਂ ਦੇ ਜ਼ੁਲਮਾਂ ਪ੍ਰਤੀ ਲੋਕਾਂ ਦੇ ਮਨਾਂ 'ਚੋਂ ਭੈਅ ਦੂਰ ਕਰਨਾ ਤੇ ਜ਼ੁਲਮ ਦਾ ਖਾਤਮਾ ਕਰਨਾ ਸੀ। ਗੁਰੂ ਸਾਹਿਬ ਦੀ ਉਦਾਰਤਾ ਦੇਖ ਕੇ ਕਾਫੀ ਗਿਣਤੀ ਵਿਚ ਹਿੰਦੂ ਤੇ ਮੁਸਲਮਾਨ, ਸਿੱਖ ਧਰਮ ਗ੍ਰਹਿਣ ਕਰਨ ਲੱਗ ਪਏ ਸਨ। ਇਸੇ ਕਰਕੇ ਹੀ ਪਹਾੜੀ ਰਾਜੇ ਗੁਰੂ ਜੀ ਨਾਲ ਈਰਖਾ ਕਰਦੇ ਸਨ ਤੇ ਸਿੰਘਾਂ ਨਾਲ ਉਨ੍ਹਾਂ ਦੀਆਂ ਛੋਟੀਆਂ-ਮੋਟੀਆਂ ਝੜੱਪਾਂ ਵੀ ਚਲਦੀਆਂ ਰਹਿੰਦੀਆਂ ਸਨ। ਇਸ ਦੇ ਨਾਲ ਹੀ ਸਥਾਨਕ ਮੁਸਲਮਾਨ ਹਾਕਮ ਵੀ ਗੁਰੂ ਜੀ ਦੀ ਵਧਦੀ ਹੋਈ ਤਾਕਤ ਤੇ ਸਿੱਖ ਧਰਮ ਦੇ ਹੋ ਰਹੇ ਫੈਲਾਅ ਤੋਂ ਈਰਖਾ ਕਰਦੇ ਸਨ। ਦੋਵਾਂ ਫਿਰਕਿਆਂ ਦੇ ਲੋਕਾਂ ਨੇ ਮਿਲ ਕੇ ਔਰੰਗਜ਼ੇਬ ਪਾਸ ਦਿੱਲੀ ਜਾ ਕੇ ਸ਼ਿਕਾਇਤਾਂ ਵੀ ਕੀਤੀਆਂ ਤੇ ਪੰਜਾਬ ਦੀ ਸਾਰੀ ਸਥਿਤੀ ਦੱਸੀ ਕਿ ਜੇਕਰ ਸਿੱਖਾਂ ਦੀ ਤਾਕਤ ਇਸੇ ਤਰ੍ਹਾਂ ਵਧਦੀ ਗਈ ਤਾਂ ਇਕ ਦਿਨ ਉਹ ਦੋਵਾਂ ਫਿਰਕਿਆਂ ਤੇ ਦਿੱਲੀ ਦੇ ਤਖਤ ਲਈ ਖਤਰਾ ਬਣ ਸਕਦੇ ਹਨ।

ਇਸ ਤੋਂ ਬਾਅਦ ਦਿੱਲੀ ਦੀ ਹਕੂਮਤ, ਪੰਜਾਬ ਤੇ ਜੰਮੂ-ਕਸ਼ਮੀਰ ਦੇ ਸ਼ਾਸਕਾਂ ਨੇ ਪਹਾੜੀ ਰਾਜਿਆਂ ਦੀ ਮਦਦ ਨਾਲ ਮਿਲ ਕੇ, ਆਨੰਦਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ ਤਾਂ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਵਧਦੀ ਹੋਈ ਤਾਕਤ ਨੂੰ ਸਦਾ ਲਈ ਠੱਲ੍ਹ ਪਾਈ ਜਾ ਸਕੇ। ਮੁਗਲ ਫੌਜ ਤੇ ਸਥਾਨਕ ਰਾਜਿਆਂ ਦੀ ਫੌਜ ਨੇ 1705 ਈਸਵੀ ਵਿਚ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਉਸ ਸਮੇਂ ਵੀ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਆਪਣਾ ਹੌਸਲਾ ਤੇ ਬਹਾਦਰੀ ਬਣਾਈ ਰੱਖੀ ਤੇ ਜ਼ਰਾ ਵੀ ਡੋਲੇ ਨਹੀਂ। ਅਨੰਦਪੁਰ ਸਾਹਿਬ ਨੂੰ ਕੋਈ ਸੱਤ ਮਹੀਨੇ ਦੇ ਕਰੀਬ ਮੁਗਲ ਫੌਜ ਨੇ ਘੇਰਾ ਪਾਈ ਰੱਖਿਆ ਤੇ ਰਾਸ਼ਨ-ਪਾਣੀ, ਦਵਾਈਆਂ ਤੇ ਲੋਕਾਂ ਦੀਆਂ ਹੋਰ ਜ਼ਰੂਰਤਾਂ ਲਈ, ਬਾਹਰੋਂ ਆਉਂਦੇ ਹੋਰ ਸਮਾਨ ਨੂੰ ਅਨੰਦਪੁਰ ਸਾਹਿਬ ਦੇ ਅੰਦਰ ਨਹੀਂ ਜਾਣ ਦਿੱਤਾ। ਇਸ ਸਮੇਂ ਸਿੰਘਾਂ ਤੇ ਆਮ ਜਨਤਾ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ।ਇਸ ਤਰ੍ਹਾਂ ਆਨੰਦਪੁਰ ਸਾਹਿਬ ਦੀ ਨਾਕਾਬੰਦੀ ਕਰਨ ਨਾਲ ਗੁਰੂ ਸਾਹਿਬ ਤੇ ਮੁਗਲ ਫੌਜਾਂ ਵਿਚਕਾਰ ਟਕਰਾਅ ਦੀ ਸਥਿਤੀ ਬਣ ਗਈ। ਇਸ ਤਰ੍ਹਾਂ ਦੇ ਬਣੇ ਗਤੀਰੋਧ ਵਿਚ ਮੁਗਲ ਫੌਜ ਦੇ ਫੌਜਦਾਰਾਂ ਨੇ ਗੀਤਾ ਤੇ ਕੁਰਾਨ ਦੀਆਂ ਝੂਠੀਆਂ ਸਹੁੰਆਂ ਖਾਧੀਆਂ ਤੇ ਗੁਰੂ ਸਾਹਿਬ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਕਿਲ੍ਹਾ ਖਾਲੀ ਕਰ ਦੇਣ ਤਾਂ ਉਨ੍ਹਾਂ ਤੇ ਕੋਈ ਹਮਲਾ ਨਹੀਂ ਕੀਤਾ ਜਾਵੇਗਾ ਤੇ ਕਿਲ੍ਹੇ ਵਿਚ ਘਿਰੇ ਸਿੰਘਾਂ ਤੇ ਆਨੰਦਪੁਰ ਸਾਹਿਬ ਦੇ ਆਮ ਲੋਕਾਂ ਨੂੰ ਸੁਰੱਖਿਅਤ ਬਾਹਰ ਜਾਣ ਦਿੱਤਾ ਜਾਵੇਗਾ। ਗੁਰੂ ਸਾਹਿਬ ਜੀ ਦੇ 'ਪੰਥਕ ਸਿੰਘਾਂ' ਨੇ ਵੀ ਗੁਰੂ ਜੀ ਨੂੰ ਸਲਾਹ ਦਿੱਤੀ ਕਿ ਕਿਲ੍ਹਾ ਖਾਲੀ ਕਰ ਦਿੱਤਾ ਜਾਵੇ, ਇਸ ਵਿਚ ਹੀ ਭਲਾਈ ਹੈ। ਗੁਰੂ ਜੀ ਮੰਨ ਗਏ।

ਦਸੰਬਰ 5 ਅਤੇ 6, 1705 ਦੀ ਰਾਤ ਨੂੰ ਕਿਲ੍ਹਾ ਖਾਲੀ ਕਰ ਦਿੱਤਾ ਗਿਆ। ਇਸ ਕਿਲ੍ਹੇ ਨੂੰ ਖਾਲੀ ਕਰਨ ਦੀ ਅਗਵਾਈ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਦਿੱਤੀ ਗਈ, ਜਿਉਂ ਹੀ ਕਿਲ੍ਹਾ ਖਾਲੀ ਕੀਤਾ ਗਿਆ ਤਾਂ ਕਿਲ੍ਹੇ ਨੂੰ ਘੇਰਾ ਪਾਉਣ ਵਾਲੇ ਸੈਨਿਕਾਂ ਨੇ ਆਪਣੀਆਂ ਖਾਧੀਆਂ ਹੋਈਆਂ ਕਸਮਾਂ ਨੂੰ ਤੋੜ ਦਿੱਤਾ ਤੇ ਸਿਰਸਾ ਨਦੀ ਤੇ ਪਹੁੰਚਣ ਤੋਂ ਪਹਿਲਾਂ ਹੀ, ਪਿੱਛੋਂ ਦੀ ਜਾਣ ਵਾਲੇ ਕਾਫਲਿਆਂ ਤੇ ਹਮਲਾ ਕਰ ਦਿੱਤਾ। ਇਸ ਤਰ੍ਹਾਂ ਅਚਾਨਕ ਹਮਲਾ ਕਰਨ ਨਾਲ ਸਿੰਘਾਂ ਵਿਚ ਹਫੜਾ-ਦਫੜੀ ਮੱਚ ਗਈ। ਸਾਹਿਬਜ਼ਾਦਾ ਅਜੀਤ ਸਿੰਘ ਤੇ ਉਹਨਾਂ ਦੇ ਸਾਥੀ ਸਿੰਘਾਂ ਨੇ ਸੈਨਾ ਦਾ ਡੱਟ ਕੇ ਮੁਕਾਬਲਾ ਕੀਤਾ ਤੇ ਉਹਨਾਂ ਨੂੰ ਗੁਰੂ ਸਾਹਿਬ ਵੱਲ ਵਧਣ ਤੋਂ ਰੋਕਦੇ ਰਹੇ। ਇਸ ਸਮੇਂ ਦੌਰਾਨ ਹੀ ਗੁਰੂ ਜੀ ਸੁਰੱਖਿਅਤ ਹੋ ਕੇ ਸਿਰਸਾ ਨਦੀ ਪਾਰ ਕਰ ਗਏ। ਉਹਨਾਂ ਦਿਨਾਂ ਵਿਚ ਭਾਰੀ ਮੀਂਹ ਪੈਣ ਕਾਰਨ ਸਿਰਸਾ ਨਦੀ ਵਿਚ ਹੜ੍ਹ ਦੀ ਸਥਿਤੀ ਬਣੀ ਹੋਈ ਸੀ। ਪਹਾੜੀ ਇਲਾਕਾ ਹੋਣ ਕਰਕੇ ਨਦੀ ਦੇ ਪਾਣੀ ਦਾ ਵਹਾਅ ਵੀ ਬਹੁਤ ਤੇਜ਼ ਸੀ। ਇਸ ਨਦੀ ਨੂੰ ਪਾਰ ਕਰਦਿਆਂ ਕਾਫੀ ਗਿਣਤੀ ਵਿਚ ਸਿੰਘ ਪਾਣੀ ਦੀ ਤੇਜ਼ ਗਤੀ ਨਾਲ ਨਦੀ ਵਿਚ ਰੁੜ੍ਹ ਗਏ ਤੇ ਆਪਣੀਆਂ ਜਾਨਾਂ ਗੁਆ ਬੈਠੇ। ਉਹਨਾਂ ਸਿੰਘਾਂ ਪਾਸ ਕਾਫੀ ਗਿਣਤੀ ਵਿਚ ਹਥਿਆਰ, ਗੋਲੀ ਸਿੱਕਾ ਤੇ ਹੋਰ ਕੀਮਤੀ ਸਮਾਨ ਵੀ ਨਾਲ ਹੀ ਰੁੜ੍ਹ ਗਿਆ। ਇਨ੍ਹਾਂ ਰੁੜਨ ਵਾਲੀਆਂ ਅਮੋਲ ਵਸਤਾਂ ਵਿਚ ਗੁਰੂ ਸਾਹਿਬ ਦੇ ਦਰਬਾਰੀ ਲੇਖਕਾਂ ਦੀਆਂ ਰਚਨਾਵਾਂ ਦਾ ਸੰਗ੍ਰਹਿ ਕੀਤਾ ਗਿਆ 'ਗ੍ਰੰਥ' ਜਿਸ ਦਾ ਨਾਂ 'ਵਿਦਿਆ ਸਾਗਰ' ਸੀ ਵੀ ਨਦੀ ਵਿਚ ਆਏ ਹੜ੍ਹ ਦੀ ਭੇਟਾ ਚੜ੍ਹ ਗਿਆ। ਇਸ ਗ੍ਰੰਥ ਦਾ ਭਾਰ ਵਿਦਵਾਨਾਂ ਦੇ ਕਥਨ ਅਨੁਸਾਰ ਨੌ ਮਣ ਦੇ ਕਰੀਬ ਸੀ। ਇਹ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਇਹਨਾਂ ਝੜੱਪਾਂ ਵਿਚ ਕਾਫੀ ਸਿੰਘ ਸ਼ਹੀਦ ਹੋਏ ਤੇ ਕਾਫੀ ਸਿੰਘ ਜ਼ਖਮੀ ਵੀ ਹੋ ਗਏ। ਸੁਰੱਖਿਅਤ ਨਦੀ ਪਾਰ ਕਰਨ ਵਾਲਿਆਂ ਵਿਚ ਗੁਰੂ ਸਾਹਿਬ, ਉਹਨਾਂ ਦੇ ਸਾਹਿਬਜ਼ਾਦੇ ਜੁਝਾਰ ਸਿੰਘ ਜੀ ਤੇ ਕੁਝ ਸਿੰਘ ਸਨ, ਬਾਕੀ ਪਰਿਵਾਰ ਸਿਰਸਾ ਨਦੀ ਪਾਰ ਕਰਦਿਆਂ ਗੁਰੂ ਸਾਹਿਬ ਜੀ ਨਾਲੋਂ ਵਿੱਛੜ ਗਿਆ। ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਕੁਝ ਹੋਰ ਸਿੰਘ ਝੜੱਪਾਂ ਲੈਂਦੇ ਰਹੇ ਤੇ ਸਿੰਘਾਂ ਨੂੰ ਨਦੀ ਪਾਰ ਕਰਾਉਣ ਵਿਚ ਮਦਦ ਕਰਦੇ ਰਹੇ। ਗੁਰੂ ਸਾਹਿਬ ਨਦੀ ਪਾਰ ਕਰਕੇ ਪਹਿਲਾਂ ਰੋਪੜ ਤੇ ਫਿਰ ਕੋਟਲਾ ਨਿਹੰਗਾਂ ਤੋਂ ਹੁੰਦੇ ਹੋਏ ਦਸੰਬਰ 6 ਤੇ 7, 1705 ਦੀ ਰਾਤ ਨੂੰ ਚਮਕੌਰ ਸਾਹਿਬ ਪਹੁੰਚ ਗਏ। ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਕੁਝ ਹੋਰ ਸਿੰਘ ਬਾਅਦ ਵਿਚ ਚਮਕੌਰ ਸਾਹਿਬ ਵਿਖੇ ਗੁਰੂ ਜੀ ਨਾਲ ਆ ਮਿਲੇ।

ਇੱਥੇ ਗੁਰੂ ਸਾਹਿਬ ਤੇ ਕੁਝ ਸਿੰਘਾਂ ਨੇ ਬੁੱਧੀ ਚੰਦ 'ਰਾਵਤ' ਦੀ ਗੜ੍ਹੀ ਵਿਚ ਥੋੜ੍ਹਾ ਸਮਾਂ ਆਰਾਮ ਹੀ ਕੀਤਾ ਸੀ ਤਾਂ ਸਰਹਿੰਦ ਤੇ ਮਲੇਰ ਕੋਟਲਾ ਤੋਂ ਸਰਕਾਰੀ ਅੰਕੜਿਆਂ ਮੁਤਾਬਕ ਕੋਈ 700 ਮੁਗਲ ਫੌਜ ਦੇ ਸਿਪਾਹੀ, ਉਥੇ ਪਹੁੰਚ ਗਏ ਤੇ ਗੜ੍ਹੀ ਨੂੰ ਬੜਾ ਜ਼ਬਰਦਸਤ ਘੇਰਾ ਪਾ ਲਿਆ। ਸਿੰਘ ਵੀ ਹਰਕਤ ਵਿਚ ਆ ਗਏ। ਉਸ ਸਮੇਂ ਗੁਰੂ ਸਾਹਿਬ ਜੀ ਨਾਲ ਸਿਰਫ ਗਿਣਤੀ ਦੇ 40 ਸਿੰਘ ਹੀ ਸਨ ਤੇ ਲੜਾਈ ਸ਼ੁਰੂ ਹੋ ਗਈ। ਭਾਵੇਂ ਇਹ ਮੁਕਾਬਲਾ ਬਹੁ-ਗਿਣਤੀ ਮੁਗਲ ਫੌਜ ਨਾਲ ਆਸਾਵਾਂ ਸੀ, ਫਿਰ ਵੀ ਇੱਥੇ ਸਿੰਘਾਂ ਨੇ ਆਪਣੇ ਪਾਸ ਹਥਿਆਰਾਂ, ਗੋਲੀ ਸਿੱਕਾ ਤੇ ਸਿੰਘਾਂ ਦੀ ਘਾਟ ਹੋਣ ਕਾਰਨ ਵੀ, ਆਪਣੀਆਂ ਤਲਵਾਰਾਂ ਤੇ ਨੇਜ਼ਿਆਂ ਨਾਲ ਪੰਜ-ਪੰਜ ਸਿੰਘਾਂ ਦੇ ਜਥੇ ਬਣਾ ਕੇ ਵਾਰੀ-ਵਾਰੀ ਡੱਟ ਕੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ ਤੇ ਦੁਸ਼ਮਣ ਦੇ ਸੈਂਕੜੇ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਲੜਾਈ ਵਿਚ ਉਹਨਾਂ ਦਾ ਘੋੜਾ ਜ਼ਖਮੀ ਹੋ ਕੇ ਜ਼ਮੀਨ ਤੇ ਡਿੱਗ ਪਿਆ ਤੇ ਜਿਉਂ ਹੀ ਸਾਹਿਬਜ਼ਾਦੇ ਦਾ ਧਿਆਨ ਆਪਣੇ ਡਿੱਗੇ ਹੋਏ ਘੋੜੇ ਵੱਲ ਗਿਆ ਤਾਂ ਪਿੱਛੋਂ ਇਕ ਮੁਗਲ ਸਿਪਾਹੀ ਨੇ ਉਹਨਾਂ ਤੇ ਨੇਜ਼ੇ ਨਾਲ ਹਮਲਾ ਕਰਦਿਆਂ ਹੋਇਆਂ ਨੇਜ਼ਾ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੇ ਸਰੀਰ ਵਿਚ ਮਾਰ ਕੇ ਆਰ-ਪਾਰ ਕਰ ਦਿੱਤਾ ਤੇ ਹੋਰ ਸਿਪਾਹੀਆਂ ਨਾਲ ਘਿਰੇ ਸਾਹਿਬਜ਼ਾਦਾ 'ਤੇ ਕਈ ਵਾਰ ਕਰਕੇ ਬੜੇ ਕਰੂਰ ਤਰੀਕੇ ਨਾਲ 7 ਦਸੰਬਰ, 1705 ਨੂੰ ਸ਼ਹੀਦ ਕਰ ਦਿੱਤਾ।

ਗੁਰੂ ਸਾਹਿਬ ਇਹ ਸਾਰਾ ਦ੍ਰਿਸ਼ ਆਪਣੀਆਂ ਅੱਖਾਂ ਨਾਲ ਗੜ੍ਹੀ ਦੀ ਛੱਤ ਤੋਂ ਦੇਖ ਰਹੇ ਸਨ ਤੇ ਨਾਲ ਦੀ ਨਾਲ ਆਪਣੇ ਬਾਣਾਂ ਨਾਲ ਦੁਸ਼ਮਣ ਤੇ ਹਮਲਾ ਵੀ ਕਰ ਰਹੇ ਸਨ। ਉਹਨਾਂ ਦੇ ਛੋਟੇ ਪੁੱਤਰ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਗੁਰੂ ਜੀ ਨਾਲ ਗੜ੍ਹੀ ਤੋਂ ਲੜਾਈ ਦੇ ਦ੍ਰਿਸ਼ ਦੇਖ ਰਿਹਾ ਸੀ ਤੇ ਨਾਲੇ ਤੀਰਾਂ ਨਾਲ ਦੁਸ਼ਮਣ ਨੂੰ ਨਿਸ਼ਾਨਾ ਬਣਾ ਰਿਹਾ ਸੀ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਆਪਣੇ ਵੱਡੇ ਵੀਰ ਨੂੰ ਲੜਾਈ ਦੇ ਮੈਦਾਨ ਵਿਚ ਬੜੀ ਬਹਾਦਰੀ ਨਾਲ ਲੜਾਈ ਕਰਦਿਆਂ ਤੇ ਦੁਸ਼ਮਣ ਦੇ ਆਹੂ ਲਾਹੁੰਦਿਆਂ ਬੜੀ ਨੀਝ ਨਾਲ ਤੱਕਿਆ। ਉਨ੍ਹਾਂ ਦਾ ਮਨ ਵੀ ਹੁਣ ਲੜਾਈ ਦੇ ਮੈਦਾਨ ਵਿਚ ਜਾਣ ਲਈ ਉਤਾਵਲਾ ਹੋ ਰਿਹਾ ਸੀ ਕਿ ਮੈਂ ਵੀ ਆਪਣੇ ਵੀਰ ਦੀ ਤਰ੍ਹਾਂ ਲੜਾਈ ਦੇ ਜੌਹਰ ਦਿਖਾਉਂਦਿਆਂ ਹੀ ਸ਼ਹੀਦੀ ਪ੍ਰਾਪਤ ਕਰਾਂ। ਉਹਨਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੈਂ ਵੀ ਲੜਾਈ ਦੇ ਮੈਦਾਨ ਵਿਚ ਦੁਸ਼ਮਣ ਨਾਲ ਲੋਹਾ ਲੈਣ ਲਈ ਜਾਣਾ ਚਾਹੁੰਦਾ ਹਾਂ। ਗੁਰੂ ਸਾਹਿਬ ਨੇ ਉਹਨਾਂ ਨੂੰ ਇਜਾਜ਼ਤ ਦਿੰਦਿਆਂ, ਲੜਾਈ ਦੇ ਮੈਦਾਨ ਵਿਚ ਜਾਣ ਲਈ ਆਪ ਤਿਆਰ ਕੀਤਾ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਪੰਜ ਸਿੰਘਾਂ ਦੀ ਅਗਵਾਈ ਕਰਦਿਆਂ ਲੜਾਈ ਦੇ ਮੈਦਾਨ ਵਿਚ ਦਾਖਲ ਹੁੰਦਿਆਂ ਹੀ ਜੈਕਾਰਾ ਮਾਰਿਆ ਤੇ ਦੁਸ਼ਮਣ ਨੂੰ ਲਲਕਾਰ ਕੇ ਉਸ ਤੇ ਟੁੱਟ ਪਿਆ। ਕਈ ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਆਪਦੇ ਭਰਾ ਦੀ ਤਰ੍ਹਾਂ ਹੀ ਬਹਾਦਰੀ ਨਾਲ ਲੜਦਾ-ਲੜਦਾ ਦੁਸ਼ਮਣ ਨੂੰ ਕਰਾਰੇ ਹੱਥ ਦਿਖਾਉਂਦਾ ਹੋਇਆ, ਸ਼ਹੀਦੀ ਪ੍ਰਾਪਤ ਕਰ ਗਿਆ। ਚਮਕੌਰ ਸਾਹਿਬ ਦੀ ਲੜਾਈ ਵਿਚ ਪਹਿਲੇ ਪੰਜ ਪਿਆਰਿਆਂ 'ਚੋਂ ਜਿਹਨਾਂ ਨੇ 'ਪੰਥ ਖਾਲਸਾ' ਦੀ ਸਥਾਪਨਾ ਵੇਲੇ ਆਪਣੇ ਸੀਸ ਅਰਪਣ ਕਰਨ ਦੀ ਗੁਰੂ ਜੀ ਨੂੰ ਇੱਛਾ ਜਤਾਈ ਸੀ, ਉਹਨਾਂ ਵਿਚੋਂ ਦੋ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਜੀ ਵੀ ਗੁਰੂ ਜੀ ਦੇ ਨਾਲ ਹੀ ਸਨ ਤੇ ਉਹਨਾਂ ਨੇ ਵੀ ਚਮਕੌਰ ਸਾਹਿਬ ਦੀ ਲੜਾਈ ਬੜੀ ਬਹਾਦਰੀ ਨਾਲ ਲੜੀ ਤੇ ਸ਼ਹੀਦ ਹੋ ਗਏ। ਇਸ ਤੋਂ ਇਲਾਵਾ ਭਾਈ ਮਾਨ ਸਿੰਘ ਤੇ ਕੁਝ ਹੋਰ ਸਿੰਘਾਂ ਨੇ ਵੀ ਚਮਕੌਰ ਸਾਹਿਬ ਦੀ ਲੜਾਈ ਵਿਚ ਸ਼ਹੀਦੀ ਪ੍ਰਾਪਤ ਕੀਤੀ। ਗੁਰੂ ਸਾਹਿਬ ਦੇ ਦੋਵੇਂ ਸ਼ਹੀਦ ਹੋਏ ਬੇਟਿਆਂ ਦੀ ਉਸ ਸਮੇਂ ਉਮਰ 18 ਤੇ 16 ਸਾਲ ਸੀ।

ਗੁਰੂ ਸਾਹਿਬ ਜੀ ਦੇ ਇਹ ਦੋਵੇਂ ਸਾਹਿਬਜ਼ਾਦੇ ਦੁਨੀਆਂ ਦੇ ਇਤਿਹਾਸ ਵਿਚ ਇਸ ਤਰ੍ਹਾਂ ਸ਼ਹੀਦੀ ਪਾਉਣ ਵਾਲੇ ਇਕੱਲੇ ਯੋਧੇ ਹਨ, ਜਿਹਨਾਂ ਨੇ ਆਪਣੇ ਧਰਮ ਤੇ ਕੌਮ ਦੀ ਰਾਖੀ ਕਰਦਿਆਂ ਸ਼ਹੀਦੀਆਂ ਪਾਈਆਂ ਸਨ ਤੇ ਇਕ ਮਿਸਾਲ ਕਾਇਮ ਕੀਤੀ ਹੈ। ਇਸ ਲਈ ਇਹਨਾਂ ਬਾਲ ਯੋਧਿਆਂ ਨੂੰ ਸਿੱਖ ਇਤਿਹਾਸ ਦੇ 'ਫਖ਼ਰ-ਏ-ਕੌਮ' ਦੀ ਉਪਾਧੀ ਨਾਲ ਨਿਵਾਜਣ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਗੁਰੂ ਸਾਹਿਬ ਨੇ ਆਪਣੇ ਪਿਆਰੇ ਪੁੱਤਰਾਂ ਨੂੰ ਆਪ ਤਿਆਰ ਕਰਕੇ ਲੜਾਈ ਦੇ ਮੈਦਾਨ ਵਿਚ ਭੇਜਿਆ ਤੇ ਉਹਨਾਂ ਦੀ ਸ਼ਹੀਦੀ ਆਪਣੀਆਂ ਅੱਖਾਂ ਨਾਲ ਦੇਖੀ ਤੇ ਉਹ ਰਤਾ ਵੀ ਡੋਲੇ ਨਹੀਂ ਤੇ ਸਗੋਂ ਇਹ ਆਖਿਆ ਕਿ ਉਹ ਆਪਣੇ ਇਮਤਿਹਾਨ ਵਿਚ ਪਾਸ ਹੋਏ ਹਨ ਤੇ ਸਾਰੀ ਕੌਮ ਹੀ ਮੇਰੇ ਧੀਆਂ ਪੁੱਤਰ ਹਨ। ਆਉਣ ਵਾਲੀਆਂ ਕੌਮਾਂ ਹਮੇਸ਼ਾ ਇਨ੍ਹਾਂ ਸ਼ਹੀਦੀਆਂ ਤੋਂ ਪ੍ਰੇਰਨਾ ਲੈ ਕੇ, ਧਰਮ ਦੀ ਰੱਖਿਆ ਲਈ, ਇਨਸਾਫ ਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ, ਪ੍ਰੇਰਨਾ ਲੈਂਦੀਆਂ ਰਹਿਣਗੀਆਂ। ਜਦੋਂ ਵੀ ਕਦੀ ਸਿੱਖ ਧਰਮ ਦੀ ਆਨ ਤੇ ਸ਼ਾਨ ਨੂੰ ਖਤਰਾ ਹੋਵੇ, ਜ਼ੁਲਮ ਨੂੰ ਨਾ ਸਹਾਰਦੇ ਹੋਏ, ਹਮੇਸ਼ਾ ਕੁਰਬਾਨੀਆਂ ਦੇਣ ਲਈ ਤਿਆਰ ਰਹੋ ਤੇ ਪਿੱਛੇ ਨਾ ਹਟੋ, ਜਿਵੇਂ ਕਿ ਉਹਨਾਂ ਨੇ ਆਪਣੇ ਬੇਟਿਆਂ ਦੀ ਕੁਰਬਾਨੀ ਦੇ ਕੇ ਸੰਸਾਰ ਨੂੰ ਦੱਸ ਦਿੱਤਾ ਹੈ ਕਿ ਉਹਨਾਂ ਨੂੰ ਸਿਰਫ ਆਪਣੇ ਬੇਟਿਆਂ ਦੀ ਕੁਰਬਾਨੀ ਨਾਲੋਂ ਸਿੱਖ ਧਰਮ ਦੇ ਆਦਰਸ਼ਾਂ ਲਈ ਕੁਰਬਾਨ ਹੋਣਾ ਜ਼ਿਆਦਾ ਪਿਆਰਾ ਹੈ। ਸੰਸਾਰ ਦੇ ਲੋਕਾਂ ਨੂੰ ਇਹ ਸੰਦੇਸ਼ ਵੀ ਜਾਂਦਾ ਹੈ ਕਿ ਗੁਰੂ ਜੀ ਤੇ ਉਨ੍ਹਾਂ ਦੇ ਸਿੱਖ ਕਿੰਨੇ ਬਹਾਦਰ ਤੇ ਨਿੱਡਰ ਸਨ। ਉਹ ਆਪਣੀਆਂ ਜ਼ਿੰਦਗੀਆਂ ਨੂੰ ਇੰਨਾ ਪਿਆਰ ਨਹੀਂ ਕਰਦੇ, ਜਿਨ੍ਹਾਂ ਗੁਰੂ ਸਾਹਿਬ ਦੇ ਹੁਕਮਾਂ ਨੂੰ ਪਿਆਰ ਕਰਦੇ ਹਨ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਯਾਦ ਵਿਚ ਚੰਡੀਗੜ੍ਹ ਦੇ ਨਜ਼ਦੀਕ ਮੁਹਾਲੀ ਨੂੰ ਜ਼ਿਲ੍ਹੇ ਦਾ ਦਰਜਾ ਦੇ ਕੇ ਤੇ ਇਸ ਦਾ ਨਾਮ ਬਦਲ ਕੇ 'ਸਾਹਿਬਜ਼ਾਦਾ ਅਜੀਤ ਸਿੰਘ ਨਗਰ' ਰੱਖ ਦਿੱਤਾ ਗਿਆ ਹੈ। ਚਮਕੌਰ ਸਾਹਿਬ ਵਿਖੇ ਹਰ ਸਾਲ ਉਹਨਾਂ ਦੀ ਯਾਦ ਵਿਚ ਸ਼ਹੀਦੀ ਜੋੜ ਮੇਲਾ ਲੱਗਦਾ ਹੈ।

# Raja SWEETS & CATERING

AUTHORIZED CATERER FOR MAJOR 5-STAR HOTELS



**Raja Items Serving**

- ALL KINDS OF SWEETS
- SNACKS
- CHAAT STALL
- NORTH INDIAN CUISINE
- FLUDA KULFI STALL
- ON SITE TANDOOR

**Raja Catering Service**

- WEDDING CEREMONIES
- RECEPTIONS
- BIRTHADAY PARTIES
- RELIGIOUS GATHERINGS
- CORPORATE EVENTS
- PICNICS / BAR-B-QUE

**Raja Additional Service**

- WARMERS
- CHAFFING DISHES
- CHINA & SILVERWARE
- LINEN RENTAL
- WAITERS
- BARTENDERS

Contact us

Raja Sweets & Catering

Work (510)489-9100 • Cell (510)715-1619

msbains@rajasweets.com • www.rajasweets.com

www.facebook.com/rajasweetsandcatering

www.twitter.com/RAJASWEETS



# INDIA MARKET

SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

Chaat Plate Only for $2.99



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Chaat Papdi. Samosa Chaat. Pani Puri. Dahi Vada. Bhel Puri Chaat

Music, Fabric, Artificial Jewelry, Sweets, Fresh Vegetables & more

We have the largest collection for Indian, Fijian & Pakistani Grocery



## The Threading queen threading & HEENA TATTOOS

We accept EBT cards

Call for appointment

(916) 297-0150, (916) 316-8199

Eyebrow Threading & Henna Tattoo (each hand)

Only for $ 5.00

(Regular $ 8.00)

Walk In Welcome

Mon-Sat 10am to 7 pm

1265 Pleasant Grove Blvd. # 100 Roseville, CA 95747 916-786-7666

5203 Elkhorn Blvd.Sacramento, CA 95842 916-338-5511





ਤਿਉ ਤਿਉ ਸੈਲ ਕਰਹਿ ਜਿਉ ਭਾਵੈ।। ਮਹਰਮ ਮਹਲ ਨ ਕੋ ਅਟਕਾਵੈ।।

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸਾਧ ਸੰਗਤ ਨੂੰ **ਲੱਖ ਲੱਖ ਵਧਾਈਆਂ**

# MANN BROS

## GROCERY & MEAT MARKET

(Surrey Wale)

Contact Ravi

(530) 751-1439


We carry all Kinds of Indian Groceries, our specialty BBQ chicken, Tandori chicken, fish and goat meat

570A North Palora Ave.

Yuba City, CA 95991

# ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸਾਧ ਸੰਗਤ ਨੂੰ ਲੱਖ ਲੱਖ ਵਧਾਈਆਂ



## L.A. MERCHANDISE

**Whole Sale +Retail**

## 500 N. Palora Ave. Yuba City, CA 95991



Baksho Kaur Bisla Hardev Singh Bisla
530-671-0439, Fax 530-822-0439 Cell- 530-844-3250

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

Red Label Tea
900 Gm $ 3.99

Bio Bidet Elite
$ 39.99+Tax
(Smart Loto)

**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

---

ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਿਰਮ ਮਹਲ ਨ ਕੋ ਅਟਕਾਵੈ॥

## ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ

ਸਮੁੱਚੀ ਦੁਨੀਆਂ ਵਿਚ ਵੱਸਦੀ ਕੁੱਲ ਲੋਕਾਈ ਨੂੰ **ਲੱਖ ਲੱਖ ਵਧਾਈਆਂ**



ਸੁੰਮਨ ਬ੍ਰਦਰਜ਼ ਪਰਿਵਾਰ

## Balbir Suman



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## STAR EXPRESS TRUCKING INC

## (530) 635-3853

3530 Emma Ct., Yuba City, CA- 95993

ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮ ਤੁਮ੍ਹਾਰੇ ਲੇਖੇ।



ਬੇਗਮਪੁਰਾ ਸਹਰ ਕੋ ਨਾਉ॥
ਦੂਖ ਅੰਦੋਹ ਨਹੀਂ ਤਿਹਿ ਠਾਉ॥

# 15ਵਾਂ ਮਹਾਨ ਨਗਰ ਕੀਰਤਨ

## ਸ੍ਰੀ ਗੁਰੂ ਰਵਿਦਾਸ ਟੈਂਪਲ

6221-16th Street Rio Linda (Sacramento)
California- 95673 (Ph) 916-992-1710

ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਲੱਖ-ਲੱਖ ਵਧਾਈਆਂ।
15ਵੇਂ ਮਹਾਨ ਨਗਰ ਕੀਰਤਨ **8 ਮਾਰਚ 2015** ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਮਨਾਇਆ ਜਾ ਰਿਹਾ ਹੈ।
ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

**ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਪੂਰਨ ਗੁਰੂ ਮਰਿਆਦਾ ਹੇਠ ਮਨਾਇਆ ਜਾ ਰਿਹਾ ਹੈ।**

ਨਗਰ ਕੀਰਤਨ ਦੀ ਖੁਸ਼ੀ ਵਿਚ ਆਰੰਭ ਸ੍ਰੀ ਅਖੰਡ ਪਾਠ ਸਾਹਿਬ
6 ਮਾਰਚ 2015, ਸਵੇਰੇ 8 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 8 ਮਾਰਚ, ਐਤਵਾਰ ਸਵੇਰੇ 8 ਵਜੇ
ਨਿਸ਼ਾਨ ਸਾਹਿਬ: 7 ਮਾਰਚ ਦਿਨ ਸ਼ਨੀਵਾਰ ਨੂੰ ਸ਼ਾਮੀ 3 ਵਜੇ ਚੜ੍ਹਾਏ ਜਾਣਗੇ
ਅਤੇ ਸ਼ਾਮ ਨੂੰ ਕੀਰਤਨ ਦਰਬਾਰ 6 ਵਜੇ ਤੋਂ 12 ਵਜੇ ਤੱਕ ਹੋਵੇਗਾ।

### ਨਗਰ ਕੀਰਤਨ ਵਿਚ ਜਾਂ ਗੁਰੂ ਘਰ ਵਿਖੇ ਕਿਸੇ ਵੀ ਤਰ੍ਹਾਂ ਦੀ ਸੇਵਾ ਲਈ ਸੰਪਰਕ ਕਰੋ ਜੀ:

ਗੁਰੂ ਘਰ- 916-992-1710
ਜੱਸੀ ਬੰਗਾ 916-796-5003
ਜੋਗਿੰਦਰ ਚੁੰਬਰ 916-582-1611
ਦਰਸ਼ਨ ਵਿਰਕ 916-228-0540
ਬਲਵਿੰਦਰ ਰੱਲ੍ਹ 916-425-2707
ਸਤਨਾਮ ਮੰਢਾਲੀ 916-803-0108
ਜੱਸੀ ਸ਼ੀਮਾਰ (ਪੀ. ਆਰ. ਓ.) 916-293-6030

### ਕਮੇਟੀ ਮੈਂਬਰ

ਚੇਅਰਮੈਨ- ਜਸਵਿੰਦਰ ਬੰਗਾ
916-796-5003
ਵਾਈਸ ਚੇਅਰਮੈਨ- ਦਰਸ਼ਨ ਵਿਰਕ
916-228-0540
ਪ੍ਰਧਾਨ- ਜੋਗਿੰਦਰ ਚੁੰਬਰ
916-582-1611
ਵਾਈਸ ਪ੍ਰਧਾਨ- ਸਤਨਾਮ ਮੰਢਾਲੀ
916-803-0108
ਵਾਈਸ ਪ੍ਰਧਾਨ- ਬਲਵਿੰਦਰ ਰੱਲ੍ਹ
916-425-2707
ਸਟੇਜ ਸੈਕਟਰੀ- ਜੀਵਨ ਰੱਤੂ
916-256-9393

ਸਟੇਜ ਸੈਕਟਰੀ- ਰਾਜ ਕੁਮਾਰ ਸੂਦ 916-698-3806
ਆਫਿਸ ਸੈਕਟਰੀ- ਰਾਜ ਬੱਧਣ 916-601-3842
ਕੈਸ਼ੀਅਰ- ਇੰਦਰਜੀਤ ਪਡਵੱਗਾ 916-276-2538
ਕੈਸ਼ੀਅਰ- ਸੁਰਿੰਦਰ ਮੱਲ 916-849-8530
ਕੈਸ਼ੀਅਰ- ਮਨਜੀਤ ਭਾਰਦਵਾਜ 916-743-5012
ਪੀ. ਆਰ. ਓ. ਮੀਡੀਆ- ਜਸਵਿੰਦਰ ਸ਼ੀਮਾਰ
916-293-6030

ਮੇਨਟੀਨੈਂਸ- ਕਰਨੈਲ ਵਿਰਕ 916-267-8774
ਮਨਜੀਤ ਪਾਲ 916-834-9371
ਕਿਚਨ ਮੈਨੇਜਰ- ਮਹਿੰਦਰ ਧਾਮੀ 916-470-9163

**ਜਾਰੀ ਕਰਤਾ- ਸ੍ਰੀ ਗੁਰੂ ਰਵਿਦਾਸ ਸਭਾ ਸੈਕਾਰਮੈਂਟੋ ਤੇ ਸਮੂਹ ਸੰਗਤ**

ਲੰਗਰ ਵਰਤਾਉਣ ਅਤੇ ਹੋਰ ਸੇਵਾ ਦੇ ਲਈ ਗੁਰੂ ਘਰ ਨਾਲ ਸੰਪਰਕ ਕਰੋ ਜੀ।

### ਲੜੀਵਾਰ ਅਖੰਡ ਪਾਠ ਸਾਹਿਬ ਪ੍ਰੋਗਰਾਮਾਂ ਦਾ ਵੇਰਵਾ
### ਆਰੰਭ ਸ੍ਰੀ ਅਖੰਡ ਪਾਠ ਸਾਹਿਬ - ਭੋਗ ਸ੍ਰੀ ਅਖੰਡ ਪਾਠ ਸਾਹਿਬ

1. 13 ਫਰਵਰੀ 2015 ਤੋਂ 15 ਫਰਵਰੀ 2015 ਤੱਕ ਅਖੰਡ ਪਾਠ ਸਾਹਿਬ
   ਸ: ਕਰਨੈਲ ਵਿਰਕ, ਦਰਸ਼ਨ ਵਿਰਕ ਅਤੇ ਸਮੂਹ ਪਰਿਵਾਰ ਵੱਲੋਂ
2. 19 ਫਰਵਰੀ 2015 ਤੋਂ 21 ਫਰਵਰੀ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ
   ਸ: ਲਸ਼ਕਰ ਸਿੰਘ ਬੱਧਣ ਅਤੇ ਸਮੂਹ ਪਰਿਵਾਰ ਵੱਲੋਂ
3. 20 ਫਰਵਰੀ 2015 ਤੋਂ 22 ਫਰਵਰੀ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ
   ਸੈਕਰਾਮੈਂਟੋ ਦੀਆਂ ਬੀਬੀਆਂ ਵੱਲੋਂ
4. 27 ਫਰਵਰੀ 2015 ਤੋਂ 1 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ
   ਗੁਰੂ ਰਵਿਦਾਸ ਨੌਜਵਾਨ ਸਭਾ ਆਫ ਸੈਕਰਾਮੈਂਟੋ ਵੱਲੋਂ
5. 2 ਮਾਰਚ 2015 ਤੋਂ 4 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ
   ਜੱਸੀ ਬੰਗਾ ਅਤੇ ਸਮੂਹ ਬੰਗਾ ਪਰਿਵਾਰ ਵੱਲੋਂ
6. 4 ਮਾਰਚ 2015 ਤੋਂ 6 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ
   ਸੰਗਤ: ਸ੍ਰੀ 108 ਸੰਤ ਬਾਬਾ ਦਰਸ਼ਨ ਦਾਸ ਜੀ ਨਗਰ ਬਰਸੀ ਸਮਾਗਮ
7. 6 ਮਾਰਚ 2015 ਤੋਂ 8 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ
   15ਵੇਂ ਵਿਸਾਲ ਨਗਰ ਕੀਰਤਨ ਸਮੂਹ ਸੈਕਰਾਮੈਂਟੋ ਸੰਗਤ ਵੱਲੋਂ ਕੀਤੀ ਜਾਵੇਗੀ

**15ਵਾਂ ਵਿਸ਼ਾਲ ਨਗਰ ਕੀਰਤਨ 8 ਮਾਰਚ 2015 ਨੂੰ ਸਵੇਰੇ 10:30 ਵਜੇ ਤੋਂ ਸ਼ਾਮੀ 5:00 ਵਜੇ ਤੱਕ ਹੋਵੇਗਾ**

ਨੋਟ- ਨਗਰ ਕੀਰਤਨ ਵਾਲੇ ਦਿਨ ਅਮਰੀਕਾ ਵਿਚ
ਘੜੀ ਦੀਆਂ ਸੂਈਆਂ ਇਕ ਘੰਟਾ ਐਡਵਾਂਸ ਹੋ ਜਾਣਗੀਆਂ
ਹੋਰ ਜਾਣਕਾਰੀ ਲਈ ਪ੍ਰਬੰਧਕ ਕਮੇਟੀ ਜਾਂ ਭਾਈ ਨਿਰਮਲ ਸਿੰਘ ਅਤੇ ਭਾਈ ਜਸਪਾਲ ਸਿੰਘ ਨਾਲ 916-992-1710 (ਗੁਰੂ ਘਰ) ਤੇ ਸੰਪਰਕ ਕੀਤਾ ਜਾ ਸਕਦਾ ਹੈ। ਕਿਸੇ ਵੀ ਕਿਸਮ ਦੀ ਸੇਵਾ ਅਤੇ ਅਖੰਡ ਪਾਠ ਸਾਹਿਬ ਦੀ ਸੇਵਾ ਲਈ ਲਈ ਜੱਸੀ ਬੰਗਾ ਨਾਲ 916-796-5003 ਜਾਂ ਜੋਗਿੰਦਰ ਚੁੰਬਰ ਨਾਲ 916-582-1611 ਤੇ ਸੰਪਰਕ ਕਰੋ ਜੀ।